ਸ੍ਰੀ ਗੁਰੂ ਸਿੰਘ ਸਭਾ

# ਪੱਤ੍ਰਿਕਾ

੧੬ ਮਾਰਚ ੨੦੨੩

ਸਿੱਖ ਮੁਫਾਦ ਦਾ ਪਹਿਰੇਦਾਰ



ਅੰਮ੍ਰਿਤਪਾਲ ਸਿੰਘ ਕਿੱਥੇ ਹੈ?

## ਜੀ 20 ਡੈਲੀਗੇਟ ਦਰਬਾਰ ਸਾਹਿਬ ਵਿੱਚ





# ਭਾਈ ਅੰਮ੍ਰਿਤਪਾਲ ਸਿੰਘ ਗ੍ਰਿਫਤਾਰੀ ਮਾਮਲੇ ‘ਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪਾਈ ਝਾੜ

### ਸਿੰਘ ਸਭਾ ਪੱਤ੍ਰਿਕਾ ਬਿਉਰੋ



ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਮੰਗਲਵਾਰ ਨੂੰ ਆਪਰੇਸ਼ਨ ਅੰਮ੍ਰਿਤਪਾਲ ਸਿੰਘ ਮਾਮਲੇ 'ਚ ਪੰਜਾਬ ਸਰਕਾਰ ਨੂੰ ਫਟਕਾਰ ਲਗਾਈ ਹੈ। ਹਾਈ ਕੋਰਟ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਏਨੀ ਵੱਡੀ ਪੁਲਿਸ ਫੋਰਸ ਹੈ, ਇਸ ਦੇ ਬਾਵਜੂਦ ਪੁਲਿਸ ਅੰਮ੍ਰਿਤਪਾਲ ਸਿੰਘ ਨੂੰ ਫੜਨ 'ਚ ਨਾਕਾਮ ਰਹੀ। ਇਹ ਪੰਜਾਬ ਪੁਲਿਸ ਦੀ ਖ਼ੁਫ਼ੀਆ ਨਾਕਾਮੀ ਨੂੰ ਦਰਸਾਉਂਦਾ ਹੈ। ਅਦਾਲਤ ਨੇ ਕਿਹਾ ਕਿ 80 ਹਜ਼ਾਰ ਪੁਲਿਸ ਮੁਲਾਜ਼ਮ ਕੀ ਕਰ ਰਹੇ ਸਨ। ਪੁਲਿਸ ਦਾ ਖ਼ੁਫ਼ੀਆ ਤੰਤਰ ਪੂਰੀ ਤਰ੍ਹਾਂ ਫ਼ੇਲ੍ਹ ਰਿਹਾ ਹੈ।

ਹਾਈ ਕੋਰਟ ਨੇ ਮਾਮਲੇ ਵਿਚ ਅਮੀਕਸ ਕਿਊਰੀ ਨਿਯੁਕਤ ਕਰਨ ਦੇ ਵੀ ਆਦੇਸ਼ ਦਿੱਤੇ ਹਨ। ਮਾਮਲੇ 'ਚ ਪੰਜਾਬ ਦੇ ਐਡਵੋਕੇਟ ਜਨਰਲ ਵਿਨੋਦ ਘਾਈ ਪੇਸ਼ ਹੋਏ ਅਤੇ ਹਾਈਕੋਰਟ ਨੂੰ ਦੱਸਿਆ ਕਿ ਅੰਮ੍ਰਿਤਪਾਲ 'ਤੇ ਨੈਸ਼ਨਲ ਸਕਿਓਰਿਟੀ ਐਕਟ (ਐਨ.ਐਸ.ਏ.) ਲਗਾਇਆ ਗਿਆ ਹੈ। ਉਥੇ ਹੀ ਪੁਲਿਸ ਨੇ ਕਿਹਾ ਕਿ ਅੰਮ੍ਰਿਤਪਾਲ ਪੁਲਿਸ ਦੀ ਹਿਰਾਸਤ ਵਿਚ ਨਹੀਂ ਹੈ ਤੇ ਉਸ ਨੂੰ ਫੜਨ ਦੇ ਯਤਨ ਕੀਤੇ ਜਾ ਰਹੇ ਹਨ। ਅਦਾਲਤ ਤੋਂ ਬਾਹਰ ਆ ਕੇ ਅੰਮ੍ਰਿਪਾਲ ਦੇ ਪਿਤਾ ਅਤੇ ਉਨ੍ਹਾਂ ਦੇ ਵਕੀਲ ਨੇ ਮੀਡੀਆ ਨੂੰ ਦੱਸਿਆ ਕਿ ਅੰਮ੍ਰਿਤਪਾਲ ਦੀ ਜਾਨ ਨੂੰ ਖ਼ਤਰਾ ਹੈ। ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਚਾਹੀਦਾ ਹੈ।

# Panth Sewak Jatha derides India’s spectacle of power to strike fear psychosis in Punjab



The Panth Sewak Jatha comprising religious and political activists in a joint statement have addressed the Indian state’s ongoing security operations in Punjab and stated that the Indian state is intentionally trying to create a tense and fearful atmosphere in Punjab. A WSN Report.

anth Sewak Jatha comprising Amrik Singh Isru, Bhupinder Singh Pehalwan, Daljit Singh, Hardeep Singh Mehraj, Lal Singh Akalgarh, Manjeet Singh Phagwara, Narain Singh, Rajinder Singh Mughalwal, Satnam Singh Jhanjian, Satnam Singh Khandewal and Sukhdev Singh Dod have chided the Punjab government for operating as a front for the Delhi administration in their anti-Sikh maneouvres across the state of Punjab.

Rising to the occasion, a large number Sikh bodies are coming forward to counter the security offensive ostensibly to arrest one person and in that garb detain more than a hundred, stop internet services, clamp the draconian NSA, shift the detenues to Assam, launch a media offensive with trivial details leaked by intelligence and police forces.

"Given the manner in which mobile communications and the Internet have been shut down while security forces arrest Sikh youth across Punjab, it is clear that the Indian state is executing its strategy to craft and impose a narrative against Sikhs and Punjab across the subcontinent," reads the statement released to the media. "All legal procedures and norms are being thrown to the wind with complete impunity to the police for its behaviour, reporting and tactics."

Members of the collective noted that the security operations over the last few days are the next phase of the Indian state’s strategy to isolate and target Sikhs in response to the capacity, influence, and strength demonstrated by Sikhs in the subcontinent and around the world during the pandemic and the Kisaan Sangarsh.

# ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ-ਬਾਬਾ ਹਰਨਾਮ ਸਿੰਘ

### ਸਿੰਘ ਸਭਾ ਪੱਤ੍ਰਿਕਾ ਬਿਉਰੋ



ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰ ਸਿੰਘਾਂ ਅਤੇ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਅਤੇ ਛਾਪੇਮਾਰੀਆਂ ਦੀ ਨਿਖੇਧੀ ਕਰਦਿਆਂ ਇਸ ਨੂੰ ਤੁਰੰਤ ਬੰਦ ਕਰਨ ਤੋਂ ਇਲਾਵਾ ਗ੍ਰਿਫ਼ਤਾਰ ਕੀਤੇ ਗਏ ਸਾਰੇ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨੌਜਵਾਨੀ ਦੀ ਵੱਡੀ ਪੱਧਰ 'ਤੇ ਕੀਤੀਆਂ ਗ਼ੈਰਕਾਨੂੰਨੀ ਗ੍ਰਿਫ਼ਤਾਰੀਆਂ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਲਾਂਬੂ ਲਾਉਣ ਦੇ ਤੁਲ ਹੋਵੇਗਾ। ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ਨੂੰ ਇਸ ਮਸਲੇ 'ਤੇ ਤੁਰੰਤ ਇਕਜੁੱਟ ਹੋਣ ਲਈ ਕਿਹਾ।

# ਭਾਈ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਪੰਜਾਬ ਪੁਲਿਸ ਦੀ ਕਾਰਵਾਈ ਦੀ ਦਿੱਲੀ ਦੇ ਸਿੱਖ ਆਗੂਆਂ ਵਲੋਂ ਨਿਖੇਧੀ

### ਸਿੰਘ ਸਭਾ ਪੱਤ੍ਰਿਕਾ ਬਿਉਰੋ



ਭਾਈ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਪੰਜਾਬ ਪੁਲਿਸ ਵਲੋਂ ਕੀਤੀ ਕਾਰਵਾਈ ਦੀ ਦਿੱਲੀ ਦੇ ਸਿੱਖ ਆਗੂਆਂ ਨੇ ਨਿਖੇਧੀ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ 'ਜਾਗੋ ਪਾਰਟੀ' ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਭਾਈ ਅੰਮ੍ਰਿਤਪਾਲ ਸਿੰਘ ਦੁਆਰਾ ਨਸ਼ਿਆਂ ਖ਼ਿਲਾਫ਼ ਛੇੜੀ ਮੁਹਿੰਮ, ਅੰਮ੍ਰਿਤ ਪ੍ਰਚਾਰ ਦੀ ਲਹਿਰ ਤੇ ਹੋਰ ਕਾਰਜਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ ਸਿੱਧੇ-ਅਸਿੱਧੇ ਰੂਪ 'ਚ ਪੰਜਾਬ ਨੂੰ ਬਦਨਾਮ ਕਰਨ ਦੀ ਸਾਜਿਸ਼ ਹੋ ਸਕਦੀ ਹੈ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਖੇਤਰ 'ਚ ਨਾਕਾਮ ਹੋ ਚੁੱਕੀ ਅਤੇ ਹੁਣ ਆਪਣੀ ਨਾਕਾਮੀ ਲੁਕਾਉਣ ਲਈ ਪੰਜਾਬ ਦਾ ਮਾਹੌਲ ਖਰਾਬ ਕਰਨ ਵਲ ਤੁਰ ਪਈ ਹੈ।

# ਪੱਤ੍ਰਿਕਾ

ਸ੍ਰੀ ਗੁਰੂ ਸਿੰਘ ਸਭਾ

ਸਿੱਖ ਮੁਫਾਦ ਦਾ ਪਹਿਰੇਦਾਰ

103 YEARS OF SEWA

1920 SINGH SABHA 2023

DADAR GURUDWARA

ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ, ਦਾਦਰ

Year: 6 Issue: 213

16 March 2023 Price: Rs. 5

**EDITOR**
**KULWANT SINGH**

**PUBLISHER**
**BAHADUR SINGH**
on behalf of Trust Sri Guru Singh Sabha,
Dr. Ambedkar Road, Dadar (E), Mumbai-14

**PRINTER:**
**EXCEL ARTS**
Bhai Jaimal Singh Marg,
Opp. Guru Nanak High School,
Guru Teg Bahadur Nagar, Mumbai-37

**FEEDBACK**
**T:** 24135029 **E:** sgssdadar@gmail.com



**DISCLAIMER**
Sri Guru Singh Sabha does not necessarily endorse all views of writers.

**JURISDICTION**
All disputes subject to jurisdiction of Mumbai courts only.



**Registration No. MAHBIL/2013/53199**
**Postal Registration NO.MCE/248/2023-25**
**Postal at Dadar H.O. Mumbai-14**


# ਸੰਪਾਦਕੀ

## ਅਜੋਕਾ ਪੰਜਾਬ –ਸੱਚ ਕੀ ਤੇ ਝੂਠ ਕੀ?

ਪਿਛਲੇ 5 ਦਿਨਾਂ ਤੋਂ ਪੰਜਾਬ ਦੀ ਤਸਵੀਰ ਬਦਲ ਗਈ ਹੈ। ਪੰਜਾਬ ਦੇ ਬਦਲਵੇਂ ਹਲਾਤਾਂ ਦਾ ਸਮੁੱਚੇ ਸਿੱਖ ਜਗਤ ‘ਤੇ ਅਸਰ ਪੈਂਦਾ ਹੈ। ਸੋਸ਼ਲ ਮੀਡੀਆ ਅਤੇ ਸੈਟੇਲਾਈਟ ਟੈਲੀਵਿਜ਼ਨ ਦੇ ਪ੍ਰਭਾਵ ਨਾਲ ਮਨੁੱਖੀ ਸੋਚ ‘ਤੇ ਡੂੰਘਾ ਪ੍ਰਭਾਵ ਪੈਂਦਾ ਹੈ। 5 ਦਿਨਾਂ ਤੋਂ ਦੁਨੀਆਂ ਭਰ ਦੇ ਸਿੱਖ ਚਿੰਤਤ ਹਨ ਗੁੱਸੇ ਵਿੱਚ ਹਨ ਅਤੇ ਦੋਚਿੱਤੀ ਦੇ ਆਲਮ ਵਿੱਚ ਗੁਜ਼ਾਰਾ ਕਰ ਰਹੇ ਹਨ।

ਇੰਝ ਜਾਪਦਾ ਹੈ ਕਿ ਸਰਕਾਰੀ ਤੰਤਰ ਨੇ ਇੱਕ ਸੋਚੀ ਸਮਝੀ ਨੀਤੀ ਦੇ ਤਹਿਤ ਪੰਜਾਬ ਵਿੱਚ ਸੁਰੱਖਿਆ ਦਸਤਿਆਂ ਦਾ ਇੱਕ ਅਜਿਹਾ ਜਾਲ ਬੁਨਿਆ ਹੈ ਜਿਸ ਦਾ ਅਸਰ ਨਾ ਕੇਵਲ ਪੰਜਾਬ ਦੇ ਵਾਸੀਆਂ ‘ਤੇ ਬਲਕਿ ਹੋਰ ਸੂਬਿਆਂ ਵਿੱਚ ਵੱਸਦੇ ਪੰਜਾਬੀਆਂ ‘ਤੇ ਵੀ ਪੈ ਰਿਹਾ ਹੈ।

ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਲਈ ਇੱਕ ਅਜਿਹਾ ਮਹੌਲ ਤਿਆਰ ਕੀਤਾ ਗਿਆ ਹੈ ਜਿਸ ਬਾਬਤ ਆਮ ਸ਼ਹਿਰੀ ਦੇ ਬੋਲਣ ਚੰਗਾਂ ਜਾਂ ਮਾੜਾ ਬੋਲਣ ‘ਤੇ ਵੀ ਰੋਕ ਲੱਗੀ ਹੋਈ ਹੈ।

ਇਹ ਸਭ ਕੁਝ ਜਮਹੂਰੀਅਤ ਦੇ ਮੁਢਲੇ ਅਸੂਲਾਂ ਦੇ ਖਿਲਾਫ ਹੋ ਰਿਹਾ ਹੈ। ਸਿੱਖਾਂ ਨੂੰ ਪੰਜਾਬ ਤੋਂ ਗ੍ਰਿਫਤਾਰ ਕਰਕੇ ਡਿਬਰੂਗੜ੍ਹ ਅਸਾਮ ਲੈ ਕੇ ਜਾਣ ਦਾ ਕੀ ਮਤਲਬ ਹੋ ਸਕਦਾ ਹੈ।

150 ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਪੰਜਾਬ ਸਰਕਾਰ ਕੀ ਸੁਨੇਹਾ ਦੇਣਾ ਚਾਹੁੰਦੀ ਹੈ? ਜੇ ਪੰਜਾਬ ਵਿੱਚ ਵਪਾਰੀਆਂ ਅਤੇ ਕਾਰਖਾਨੇਦਾਰਾਂ ਵੱਲੋਂ ਵੱਡੇ ਪੱਧਰ 'ਤੇ ਕੰਮ ਸ਼ੁਰੂ ਕਰਨਾ ਹੈ ਤਾਂ ਅਮਨ ਬਹਾਲੀ ਲਈ ਮਸਲੇ ਨਜਿੱਠਣੇ ਹੋਣਗੇ ਨਾ ਕਿ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਕਰਨੀਆਂ ਹੋਣਗੀਆਂ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਮਝਣਾ ਹੋਵੇਗਾ ਕਿ ਮੁੰਬਈ ਆ ਕੇ ਮਿੱਠੇ ਚੋਪੜੇ ਭਾਸ਼ਣ ਦੇ ਕੇ ਪੰਜਾਬ ਵਿੱਚ ਤਰੱਕੀ ਦਾ ਰਾਹ ਨਹੀਂ ਖੋਲਿਆ ਜਾ ਸਕਦਾ।

ਪੰਜਾਬ ਦੀ ਤਰੱਕੀ ਬਿਜਲੀ ਅਤੇ ਸਰਕਾਰੀ ਸਫਰ ਦੇ ਮੁਫਤੀਕਰਨ ਨਾਲ ਵੀ ਨਹੀਂ ਹੋ ਸਕਦੀ। ਅਸੀਂ ਦੂਰੋਂ ਬੈਠ ਕੇ ਗੌਰ ਨਾਲ ਦੇਖਿਆ ਹੈ ਕਿ ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬ ਦੇ ਕਰਜ਼ੇ ਨੂੰ ਘਟਾਉਣ ਲਈ, ਪੰਜਾਬ ਦੀ ਨੌਜਵਾਨੀ ਨੂੰ ਬਾਹਰ ਜਾਣ ਤੋਂ ਰੋਕਣ ਲਈ ਕੋਈ ਉਪਰਾਲਾ ਨਹੀਂ ਕੀਤਾ ਹੈ।

ਸਿੰਘ ਸਭਾ ਪੱਤ੍ਰਿਕਾ ਸੰਪੂਰਨ ਤੌਰ ‘ਤੇ ਅਮਨ ਦੇ ਹੱਕ ਵਿੱਚ ਪਰ ਨਾਲ ਹੀ ਸਿੱਖ ਜਜ਼ਬਾਤਾਂ ਦੇ ਖਿਲਵਾੜ ਨੂੰ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਸਿੰਘ ਸਭਾ ਪੱਤ੍ਰਿਕਾ ਅਪੀਲ ਕਰਦੀ ਹੈ ਕਿ ਸਿੱਖਾਂ ਦੇ ਧਾਰਮਕ ਜਜ਼ਬਾਤਾਂ ਨਾਲ ਨਾ ਖੇਡਿਆ ਜਾਵੇ। ਪਿਛਲੇ ਕਈ ਸਾਲਾਂ ਤੋਂ ਹੋ ਰਹੀਆਂ ਬੇਅਦਬੀਆਂ ਦੇ ਮਾਮਲਿਆਂ ਨੂੰ ਨਜਿੱਠਿਆ ਜਾਵੇ।

ਸਿੰਘ ਸਭਾ ਮੁੰਬਈ ਪੰਜਾਬ ਵਿੱਚ ਹੋ ਰਹੀਆਂ ਬੇਲੋੜੀਆਂ ਗ੍ਰਿਫਤਾਰੀਆਂ ਦੀ ਪੁਰਜ਼ੋਰ ਨਿੰਦਾ ਕਰਦੀ ਹੈ। ਕੇਂਦਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਸੰਜੀਦਗੀ ਨਾਲ ਪੰਜਾਬ ਦੇ ਧਾਰਮਕ, ਸਿਆਸੀ ਮਸਲਿਆਂ ਦਾ ਹੱਲ ਲੱਭਿਆ ਜਾਵੇ, ਪੁਲਿਸ ਅਤੇ ਸੁਰੱਖਿਆ ਫੋਰਸਾਂ ਦੀਆਂ ਕਾਰਵਾਈਆਂ ਪਾਰਦਰਸ਼ੀ ਹੋਣੀਆਂ ਚਾਹੀਦੀਆਂ ਹਨ ਅਤੇ ਸਮੁੱਚੇ ਤੌਰ ‘ਤੇ ਕਨੂੰਨ ਦਾ ਰਾਜ ਹੋਣਾ ਚਾਹੀਦਾ ਹੈ ਜੰਗਲ ਦਾ ਰਾਜ ਨਹੀਂ। ਆਉ ਸਾਰੇ ਮਿਲ ਕੇ ਅਰਦਾਸ ਕਰੀਏ ਕਿ ਗੁਰੂਆਂ ਦੀ ਧਰਤੀ ਪੰਜਾਬ ਵਿੱਚ ਸਿੱਖੀ ਦੀ ਖੁਸ਼ਬੋ ਸਦਾ ਮਹਿਕਦੀ ਰਹੇ।

**ਕੁਲਵੰਤ ਸਿੰਘ**

## ਸਿੰਘ ਸਭਾ ਦਦਾਰ ਵੱਲੋਂ ਪੰਜਾਬ ਵਿੱਚ ਅਮਨ ਲਈ ਪੁਰਜ਼ੋਰ ਅਪੀਲ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪੰਜਾਬ ਦੇ ਮੌਜੂਦਾ ਸਿਆਸੀ ਹਲਾਤਾਂ ਤੋਂ ਚਿੰਤਤ ਹੋ ਕੇ ਮੁੰਬਈ ਅਤੇ ਮਹਾਰਾਸ਼ਟਰਾ ਦੇ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ੍ਰੀ ਗੁਰੂ ਸਿੰਘ ਸਭਾ ਦਾਦਰ ਮੁੰਬਈ ਨੇ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਸਮੁੱਚੇ ਲੋਕਾਂ ਦੀ ਮਨੁੱਖੀ ਹੱਕਾਂ ਦੀ ਰੱਖਿਆ ਕਰਦੇ ਹੋਏ ਕਾਨੂੰਨ ਦੇ ਰਾਜ ਦੀ ਬਹਾਲੀ ਕਰਦੇ ਹੋਏ ਛੇਤੀ ਆਮਨ ਲਿਆਂਦਾ ਜਾਵੇ।

ਪੰਜਾਬ ਦੇ ਲੋਕਾਂ ਵਿੱਚੋਂ ਡਰ ਦਾ ਮਹੌਲ ਖਤਮ ਕੀਤਾ ਜਾਵੇ। ਸਿੰਘ ਸਭਾ ਦਾਦਰ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਇਹ ਕਿਹਾ ਗਿਆ ਹੈ ਕਿ ਪੰਜਾਬ ਦੇ ਹਲਾਤਾਂ ਦਾ ਸਮੁੱਚੇ ਸਿੱਖ ਜਗਤ 'ਤੇ ਵੱਡਾ ਅਸਰ ਪੈਂਦਾ ਹੈ ਇਸ ਲਈ ਇਸ ਬਾਬਤ ਮੁੰਬਈ ਅਤੇ ਮਹਾਰਾਸ਼ਟਰਾ ਦੇ ਸਿੱਖ ਵੀ ਇਹ ਚਾਹੁੰਦੇ ਹਨ ਕਿ ਪੰਜਾਬ ਵਿੱਚ ਸੁੱਖੀ ਸ਼ਾਂਤੀ ਹੋਵੇ।

ਸਿੰਘ ਸਭਾ ਦਾਦਰ ਨੇ ਲਗਾਤਾਰ ਹੋ ਰਹੀਆਂ ਗ੍ਰਿਫਤਾਰੀਆਂ ਬਾਰੇ ਵੀ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਹੈ।

ਪੰਜਾਬ ਦੇ ਲੋਕਾਂ ਨਾਲ ਇਸ ਔਖੀ ਘੜੀ ਵਿੱਚ ਸਾਂਝ ਪਾਉਂਦੇ ਹੋਏ ਸਿੰਘ ਸਭਾ ਨੇ ਪੰਜਾਬ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਹਲਾਤ ਸੁਖਾਵੇਂ ਬਨਾਉਣ ਲਈ ਅਤੇ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਸਹੂਲਤ ਦੇਣ ਲਈ ਉਪਰਾਲੇ ਕੀਤੇ ਜਾਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਕੀਲਾਂ ਦੇ ਪੈਨਲ ਬਨਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ।

## 9 ਅਫ਼ਗਾਨ ਹਿੰਦੂ ਤੇ ਸਿੱਖ 10 ਮਹੀਨਿਆਂ ਤੋਂ ਕਰ ਰਹੇ ਨੇ ਭਾਰਤ ਸਰਕਾਰ ਤੋਂ ਵੀਜ਼ਾ ਮਿਲਣ ਦੀ ਉਡੀਕ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਮੌਜੂਦਾ ਸਮੇਂ ਉੱਥੇ ਰਹਿ ਰਹੇ 9 ਅਫ਼ਗਾਨ ਹਿੰਦੂ ਤੇ ਸਿੱਖ ਪਿਛਲੇ ਲਗਭਗ 10 ਮਹੀਨਿਆਂ ਤੋਂ ਭਾਰਤ ਤੋਂ ਵੀਜ਼ਾ ਮਿਲਣ ਦੀ ਉਡੀਕ ਕਰ ਰਹੇ ਹਨ।

ਜਦਕਿ ਉੱਥੋਂ ਬਾਕੀ ਰਹਿੰਦੇ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕ ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਦੀ ਤਾਲਿਬਾਨੀ ਸਰਕਾਰ ਬਣਨ ਤੋਂ ਬਾਅਦ ਸ਼ੁਰੂ ਹੋਈਆਂ ਹਿੰਸਕ ਘਟਨਾਵਾਂ ਦੇ ਚਲਦਿਆਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਆਪਣੀਆਂ ਜਾਨਾਂ ਬਚਾ ਕੇ ਦਿੱਲੀ ਆ ਚੁਕੇ ਹਨ ਅਤੇ ਕੁਝ ਨੇ ਹੋਰਨਾਂ ਮੁਲਕਾਂ 'ਚ ਵੀ ਸ਼ਰਨ ਲਈ ਹੈ।

## ਸੁਮੇਧ ਸੈਣੀ, ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਕੋਟਕਪੂਰਾ ਗੋਲੀ ਕਾਂਡ ਸੰਬੰਧੀ 2018 'ਚ ਦਰਜ ਮੁਕੱਦਮਾ ਨੰਬਰ 129 ਵਿਚ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਵਲੋਂ ਸੁਣਵਾਈ ਕਰਦੇ ਹੋਏ ਪੰਜਾਬ ਦੇ ਸਾਬਕਾ ਡੀ.ਜੀ.ਪੀ ਸੁਮੇਧ ਸੈਣੀ, ਤੱਤਕਾਲੀ ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਤੱਤਕਾਲੀ ਐਸ. ਐਸ. ਪੀ. ਚਰਨਜੀਤ ਸ਼ਰਮਾ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਦੇ ਆਦੇਸ਼ ਦਿੱਤੇ ਹਨ। ਵਧੀਕ ਸੈਸ਼ਨ ਜੱਜ ਨੇ ਇਸ ਮਾਮਲੇ ਵਿਚ ਲੰਮੀ ਬਹਿਸ ਸੁਣਨ ਤੋਂ ਬਾਅਦ ਇਹ ਫ਼ੈਸਲਾ ਸੁਣਾਇਆ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਵਾਰ-ਵਾਰ ਜਾਂਚ ਟੀਮ ਸਾਹਮਣੇ ਪੇਸ਼ ਹੋਣ ਲਈ ਲਿਖੇ ਜਾਣ 'ਤੇ ਵੀ ਸੁਮੇਧ ਸੈਣੀ ਨੇ ਜਾਂਚ ਟੀਮ ਨੂੰ ਸਹਿਯੋਗ ਨਹੀਂ ਦਿੱਤਾ ਅਤੇ ਨਾ ਹੀ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ।

## ਪੰਜਾਬ ਨੂੰ ਅਸਥਿਰ ਕਰਨ ਲਈ ਘਟੀਆ ਸਿਆਸੀ ਖੇਡ-ਗਿਆਨੀ ਹਰਪ੍ਰੀਤ ਸਿੰਘ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਪੰਜਾਬ ਦੇ ਮੌਜੂਦਾ ਹਾਲਾਤ 'ਤੇ ਪ੍ਰਤੀਕਰਮ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਪੰਜਾਬ ਨੂੰ ਅਸਥਿਰ ਕਰਨ ਦਾ ਯਤਨ ਕੀਤਾ ਜਾ ਰਿਹੈ ਅਤੇ ਇਸ ਕਿਸਮ ਦੀ ਘਟੀਆ ਰਾਜਨੀਤੀ ਤਿੰਨ ਦਹਾਕੇ ਪਹਿਲਾਂ ਉਸ ਸਮੇਂ ਦੀ ਸੂਬਾ ਅਤੇ ਕੇਂਦਰ ਸਰਕਾਰ ਨੇ ਮਿਲਕੇ ਖੇਡੀ ਸੀ, ਜਿਸ ਦਾ ਸਿੱਖਾਂ ਅਤੇ ਪੰਜਾਬ ਨੂੰ ਵੱਡਾ ਨੁਕਸਾਨ ਝੱਲਣਾ ਪਿਆ। ਉਸੇ ਕਿਸਮ ਦੀ ਖੇਡ ਹੁਣ ਕਿਤੇ ਨਾ ਕਿਤੇ ਫਿਰ ਖੇਡੀ ਜਾ ਰਹੀ ਹੈ, ਆਪਣੀ ਗੰਦੀ ਰਾਜਨੀਤੀ ਨੂੰ ਚਮਕਾਉਣ ਅਤੇ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਲਈ। । ਉਨ੍ਹਾਂ ਅੱਗੇ ਕਿਹਾ ਕਿ ਸਾਡੀ ਜਾਣਕਾਰੀ ਵਿਚ ਆਇਆ ਹੈ ਕਿ ਸੂਬੇ 'ਚੋਂ 16-17 ਸਾਲ ਦੀ ਉਮਰ ਦੇ ਸਿੱਖ ਨੌਜਵਾਨ ਵੀ ਨਾਜਾਇਜ਼ ਹਿਰਾਸਤ ਵਿਚ ਲਏ ਜਾ ਰਹੇ ਹਨ, ਜੋ ਮੰਦਭਾਗਾ ਵਰਤਾਰਾ ਹੈ।

## ਮਾਨ ਸਰਕਾਰ ਸੂਬੇ ਅੰਦਰ ਭੈਅ ਦਾ ਮਾਹੌਲ ਪੈਦਾ ਕਰ ਰਹੀ ਹੈ-ਢੀਂਡਸਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਵਲੋਂ ਸੂਬੇ ਵਿਚ ਦਹਿਸ਼ਤ ਅਤੇ ਤਣਾਅ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ ਅਤੇ ਜਾਣ ਬੁੱਝ ਕੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਦਾ ਵੀ ਕਸੂਰ ਸਾਹਮਣੇ ਆਉਂਦਾ ਹੈ ਤਾਂ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾ ਸਕਦੀ ਹੈ, ਪਰ ਕਿਸੇ ਵੀ ਵਰਤਾਰੇ ਦੀ ਆੜ ਹੇਠ ਸਰਕਾਰ ਨੂੰ ਸੂਬੇ ਅੰਦਰ ਭੈਅ ਦਾ ਮਾਹੌਲ ਬਿਲਕੁੱਲ ਨਹੀਂ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਸਿੱਖ ਵਿਰੋਧੀ ਕਾਂਗਰਸ ਸਰਕਾਰ ਦੇ ਰਾਹ 'ਤੇ ਚੱਲ ਪਈ ਹੈ ਅਤੇ ਆਪਣੀਆਂ ਦਮਨਕਾਰੀਆਂ ਨੀਤੀਆਂ ਨਾਲ ਸਿੱਖਾਂ ਵਿਚ ਭੈਅ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

### ਮਸਲਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਪੂਨਾ ਦਾ:

## ਸਿਰਸਾ ਦੀ ਅਗਵਾਈ 'ਚ ਵਫਦ ਵਲੋਂ ਰਾਜਨਾਥ ਸਿੰਘ ਨਾਲ ਮੁਲਾਕਾਤ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਹੇਠ ਸਿੱਖਾਂ ਦੇ ਵਫਦ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਪੂਨਾ ਵਿਚ ਗੁਰਦੁਆਰਾ ਨਾਨਕ ਦਰਬਾਰ ਰੱਖਿਆ ਮੰਤਰਾਲੇ ਦੀ ਜ਼ਮੀਨ 'ਤੇ ਉਸਰਿਆ ਹੋਣ ਦਾ ਮਾਮਲਾ ਚੁੱਕਿਆ। ਵਫਦ ਵਿਚ ਚਰਨਜੀਤ ਸਿੰਘ ਸਾਹਨੀ (ਪ੍ਰਧਾਨ ਗੁਰਦੁਆਰਾ ਨਾਨਕ ਦਰਬਾਰ ਪੂਨਾ) ਤੇ ਦਿੱਲੀ ਕਮੇਟੀ ਸਕੱਤਰ ਜਸਮੇਨ ਸਿੰਘ ਨੋਨੀ ਵੀ ਸ਼ਾਮਿਲ ਸਨ। ਸਿਰਸਾ ਨੇ ਦੱਸਿਆ ਕਿ ਵਫਦ ਨੇ ਰੱਖਿਆ ਮੰਤਰੀ ਦੇ ਧਿਆਨ 'ਚ ਲਿਆਂਦਾ ਕਿ ਇਹ ਗੁਰਦੁਆਰਾ 1959 ਦਾ ਬਣਿਆ ਹੋਇਆ ਹੈ। ਉਸ ਵੇਲੇ ਐਲ. ਆਈ. ਸੀ. ਨੇ ਜਦੋਂ ਇਹ ਸਾਰੀ ਥਾਂ ਫ਼ੌਜ ਨੂੰ ਦਿੱਤੀ ਸੀ ਤਾਂ ਇਹ ਉਸ ਵੇਲੇ ਫੌਜ ਕੋਲ ਆ ਗਈ ਸੀ। ਫੌਜ ਵਲੋਂ ਇਸ ਗੁਰਦੁਆਰਾ ਸਾਹਿਬ ਦੇ ਮਾਮਲੇ 'ਚ ਸਹੀ ਤਰੀਕੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵਫਦ ਦੀ ਗੱਲ ਪੂਰੇ ਧਿਆਨ ਨਾਲ ਸੁਣੀ ਤੇ ਵਫਦ ਨੂੰ ਦੱਸਿਆ ਕਿ ਇਸ ਮਾਮਲੇ ਦਾ ਹੱਲ ਇਹੋ ਹੈ ਕਿ ਫੌਜ ਇਹ ਥਾਂ ਗੁਰਦੁਆਰਾ ਸਾਹਿਬ ਲਈ ਲੀਜ਼ 'ਤੇ ਦੇ ਦੇਵੇ। ਉਨ੍ਹਾਂ ਦੱਸਿਆ ਕਿ ਰੱਖਿਆ ਮੰਤਰੀ ਨੇ ਆਖਿਆ ਕਿ ਇਸ ਥਾਂ 'ਤੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਜਾਵੇ।

# Punjab Summit condemns police crackdown in the Punjab

Gathered to discuss various social, civil, and political issues concerning Punjab, leaders of 20 Sikh organizations convened the Punjab Summit in Amritsar, strongly condemned the security operation in the state to arrest Amritpal Singh and associates of Waris Punjab De. A WSN Report

ORGANISATIONS participating in The Punjab Summit lashed out at Punjab police for a massive crackdown on youth and arresting them in large numbers primarily to instill fear psychosis in the minds of the population of Punjab and Sikh youth in particular.

"The suspension of internet services and civil liberties using archaic laws is deplorable." read the joint statement of the Punjab Summit. Equally deplorable is




the suspension of internet services and civil liberties across the State.

"While the whereabouts of Amritpal Singh is still a mystery and has created resentment and fears in the public domain, the past history of the notoriety of the Punjab police force and Union security forces is still fresh in our minds," the statement added.

The Punjab Summit demanded the restoration of internet services and clearing the uncertainty of arrests.

The organisations which condemned the security dragnet over Punjab, who participated in the Dal Khalsa-led Punjab Summit included SGPC, SAD (Amritsar), Damdami Taksal, Akhand Kirtani Jatha, Bhartiya Kisan Union (Krantikari), United Akali Dal, All India Sikh Students Federation, Students for Society, SATH, Sikh Youth of Punjab, Sikh Siyasat, Akal Federation, Panth Sewak, Punjab Lawyers, Khalra Mission organisation, Voices for Freedom and Majdoor Adhikar Sangathan.

## ਪੰਜਾਬ ਸਰਕਾਰ ਵਲੋਂ ਮਾਹੌਲ ਨੂੰ ਵਿਸਫੋਟਕ ਬਣਾਉਣਾ ਬੇਹੱਦ ਮੰਦਭਾਗਾ-ਮਾਨ

### ਸਿੰਘ ਸਭਾ ਪੱਤ੍ਰਿਕਾ ਬਿਊਰੋ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਸਰਕਾਰ ਅਤੇ ਪੁਲਿਸ ਵਲੋਂ ਸੂਬੇ ਭਰ ਵਿਚ ਵੱਡੇ ਪੱਧਰ ਤੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀਆਂ ਕਰਨ ਦੇ ਅਮਲਾਂ ਨੂੰ ਅਤਿ ਦੁਖਦਾਈ ਕਰਾਰ ਦਿੰਦੇ ਹੋਏ ਕਰੜੇ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਕਿ ਦੋਵੇਂ ਸਰਕਾਰਾਂ ਸਿੱਖ ਕੌਮ ਪ੍ਰਤੀ ਮੰਦਭਾਵਨਾ ਭਰੀ ਨੀਤੀ ਤਹਿਤ ਸਿੱਖਾਂ ਦੇ ਘਰਾਂ ਵਿਚ ਗੈਰ-ਵਿਧਾਨਿਕ ਢੰਗ ਰਾਹੀਂ ਛਾਪੇਮਾਰੀਆਂ ਕਰਵਾ ਕੇ 1984 ਦੇ ਦੁਖਾਂਤ ਨੂੰ ਦੋਹਰਾ ਕੇ ਮਾਹੌਲ ਨੂੰ ਵਿਸਫੋਟਕ ਬਣਾ ਰਹੀਆਂ ਹਨ। ਉਨ੍ਹਾਂ ਵੱਲੋਂ 21 ਮਾਰਚ ਨੂੰ ਪੰਜਾਬ ਭਰ 'ਚ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਰੋਸ ਵਿਖਾਵੇ ਕਰਕੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਯਾਦ ਪੱਤਰ ਭੇਜੇ ਜਾਣਗੇ।

## ਅੰਮ੍ਰਿਤਪਾਲ ਦੇ ਪੰਜ ਸਾਥੀਆਂ 'ਤੇ ਲੱਗਾ ਐਨ.ਐਸ.ਏ. ਭੇਜੇ ਡਿਬਰੂਗੜ੍ਹ ਅਸਾਮ

### ਸਿੰਘ ਸਭਾ ਪੱਤ੍ਰਿਕਾ ਬਿਊਰੋ

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਪੰਜਾਬ ਪੁਲਿਸ ਦੀ ਕਾਰਵਾਈ ਜਾਰੀ ਹੈ। ਸੂਬੇ ਭਰ 'ਚ ਪੁਲਿਸ ਦਾ ਪਹਿਰਾ ਹੈ। ਕਈ ਜ਼ਿਲ੍ਹਿਆਂ 'ਚ ਧਾਰਾ-144 ਲਾਗੂ ਹੈ। ਮੋਬਾਈਲ ਇੰਟਰਨੈੱਟ ਤੇ ਐਸ.ਐਮ.ਐਸ. ਸੇਵਾ ਮੁਅੱਤਲ ਕਰ ਦਿੱਤੀ ਗਈ ਹੈ ਪਰ ਅਜੇ ਤੱਕ ਅੰਮ੍ਰਿਤਪਾਲ ਦਾ ਕੋਈ ਸੁਰਾਗ ਨਹੀਂ ਮਿਲਿਆ। ਪੰਜਾਬ ਪੁਲਿਸ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਕੁਝ ਅਹਿਮ ਜਾਣਕਾਰੀਆਂ ਦਿੱਤੀਆਂ ਹਨ। ਪੰਜਾਬ ਪੁਲਿਸ ਦੇ ਆਈ.ਜੀ. ਸੁਖਚੈਨ ਸਿੰਘ ਗਿੱਲ ਨੇ ਸੋਮਵਾਰ ਨੂੰ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕਾਰਵਾਈ ਕਰਦਿਆਂ ਹੁਣ ਤੱਕ 114 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ 'ਚੋਂ ਚਾਰ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਹੈ ਜਦਕਿ ਅੰਮ੍ਰਿਤਪਾਲ ਦੇ ਚਾਚੇ ਨੂੰ ਡਿਬਰੂਗੜ੍ਹ ਲਿਜਾਇਆ ਜਾ ਰਿਹਾ ਹੈ। ਡਿਬਰੂਗੜ੍ਹ ਭੇਜੇ ਗਏ ਸਾਰੇ ਵਿਅਕਤੀਆਂ ਖ਼ਿਲਾਫ਼ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਤਹਿਤ ਕਾਰਵਾਈ ਕੀਤੀ ਗਈ ਹੈ।

## ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ-ਸੁਖਬੀਰ

### ਸਿੰਘ ਸਭਾ ਪੱਤ੍ਰਿਕਾ ਬਿਊਰੋ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਿਚ ਕਠਪੁਤਲੀ 'ਆਪ' ਸਰਕਾਰ ਵਲੋਂ ਅਣਐਲਾਨੀ ਐਮਰਜੰਸੀ ਲਾਉਣ ਤੇ ਦਮਨਕਾਰੀ ਨੀਤੀਆਂ ਵਾਲੇ ਕਦਮ ਚੁੱਕ ਕੇ ਦਹਿਸ਼ਤ ਫੈਲਾਉਣ ਦੀ ਜ਼ੋਰਦਾਰ ਨਿਖੇਧੀ ਕੀਤੀ। ਅਕਾਲੀ ਦਲ ਦੇ ਪ੍ਰਧਾਨ ਨੇ ਚਿਤਾਵਨੀ ਦਿੱਤੀ ਕਿ ਸਿਰਫ਼ ਫ਼ਿਰਕਾਪ੍ਰਸਤੀ ਨੂੰ ਉਤਸ਼ਾਹਿਤ ਕਰਨ ਤੇ ਚੋਣ ਲਾਹੇ ਵਾਸਤੇ ਸਭ ਤੋਂ ਦੇਸ਼ ਭਗਤ ਸਿੱਖ ਕੌਮ ਨੂੰ ਬਦਨਾਮ ਕਰਨ ਵਾਸਤੇ ਖ਼ਤਰਨਾਕ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। 'ਆਪ' ਸਰਕਾਰ 'ਤੇ ਵਰ੍ਹਦਿਆਂ ਸ. ਬਾਦਲ ਨੇ ਬੇਕਸੂਰ ਸਿੱਖ ਨੌਜਵਾਨਾਂ ਖ਼ਾਸ ਤੌਰ 'ਤੇ ਅੰਮ੍ਰਿਧਾਰੀ ਨੌਜਵਾਨਾਂ ਖ਼ਿਲਾਫ਼ ਸਿਰਫ਼ ਸ਼ੱਕ ਦੇ ਆਧਾਰ 'ਤੇ ਗੈਰ ਸੰਵਿਧਾਨਕ ਤਰੀਕੇ ਵਰਤਣ ਤੇ ਉਨ੍ਹਾਂ ਦੀ ਅੰਨ੍ਹੇਵਾਹ ਗ੍ਰਿਫ਼ਤਾਰੀ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ।

## ਬੇਕਸੂਰ ਸਿੱਖ ਨੌਜਵਾਨਾਂ ਦੀ ਫਵੋ-ਫੜਾਈ ਬੰਦ ਕਰੋ-ਐਡਵੋਕੇਟ ਧਾਮੀ

### ਸਿੰਘ ਸਭਾ ਪੱਤ੍ਰਿਕਾ ਬਿਊਰੋ

ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅੰਦਰ ਪੁਲਿਸ ਵਲੋਂ ਸਿੱਖ ਨੌਜਵਾਨਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਦੀ ਕਰੜੀ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਪੰਜਾਬ ਅੰਦਰ ਬੇਕਸੂਰ ਸਿੱਖ ਨੌਜਵਾਨਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਉਣਾ ਠੀਕ ਨਹੀਂ।

ਜਾਰੀ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਬਿਨਾਂ ਕਿਸੇ ਦੋਸ਼ ਦੇ ਮਨਘੜ੍ਹਤ ਕਹਾਣੀਆਂ



ਬਣਾ ਕੇ ਨੌਜਵਾਨਾਂ ਦੀ ਫੜੋ-ਫੜਾਈ ਸੂਬੇ ਦੇ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਕਈ ਦੌਰ ਵੇਖੇ ਹਨ ਅਤੇ ਸੂਬੇ ਦੀ ਮੌਜੂਦਾ ਸਰਕਾਰ ਵਲੋਂ ਹਾਲਾਤਾਂ ਨੂੰ ਤਲਖ਼ ਕਰਨ ਵਿਚ ਇਕ ਹੋਰ ਅਧਿਆਇ ਸ਼ਾਮਿਲ ਕਰਨਾ ਬੇਹੱਦ ਮੰਦਭਾਗਾ ਹੈ।

# ਕੈਨੇਡਾ: ਬ੍ਰਿਟਿਸ਼ ਕੋਲੰਬੀਆ ਵਿੱਚ ਸਿੱਖ ਵਿਦਿਆਰਥੀ ਦੀ ਕੁੱਟਮਾਰ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਨਫ਼ਰਤੀ ਹਮਲੇ ਦੌਰਾਨ ਕੁੱਝ ਅਣਪਛਾਤੇ ਵਿਅਕਤੀਆਂ ਨੇ 21 ਸਾਲਾ ਸਿੱਖ ਵਿਦਿਆਰਥੀ ਦੀ ਪੱਗ ਲਾਹ ਦਿੱਤੀ ਅਤੇ ਉਸ ਨੂੰ ਕੇਸਾਂ ਤੋਂ ਫੜ ਕੇ ਧੂਹਿਆ। ਸੀਟੀਵੀ ਨਿਊਜ਼ ਦੀ ਖ਼ਬਰ ਅਨੁਸਾਰ ਗਗਨਦੀਪ ਸਿੰਘ ’ਤੇ ਸ਼ੁੱਕਰਵਾਰ ਦੇਰ ਰਾਤ ਉਦੋਂ ਹਮਲਾ ਹੋਇਆ, ਜਦੋਂ ਉਹ ਘਰ ਮੁੜ ਰਿਹਾ ਸੀ।

ਕੌਂਸਲਰ ਮੋਹਿਨੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਹਮਲੇ ਦੇ ਤੁਰੰਤ ਮਗਰੋਂ ਇਸ ਬਾਰੇ ਜਾਣਕਾਰੀ ਮਿਲੀ ਅਤੇ ਉਹ ਗਗਨਦੀਪ ਸਿੰਘ ਨੂੰ ਮਿਲਣ ਪੁੱਜੇ। ਉਨ੍ਹਾਂ ਦੱਸਿਆ ਕਿ ਗਗਨਦੀਪ ਸਿੰਘ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ ਅਤੇ ਉਹ ਕਾਫ਼ੀ ਤਕਲੀਫ਼ ਵਿੱਚ ਸੀ। ਕੌਂਸਲਰ ਨੇ ਦੱਸਿਆ ਕਿ ਗਗਨਦੀਪ ਸਿੰਘ ਰਾਤ ਕਰੀਬ ਸਾਢੇ 10 ਵਜੇ ਕਰਿਆਨੇ ਦੀ ਖਰੀਦਦਾਰੀ ਕਰਕੇ ਬੱਸ ਰਾਹੀਂ ਘਰ ਮੁੜ ਰਿਹਾ ਸੀ। ਇਸੇ ਦੌਰਾਨ 12-15 ਜਣਿਆਂ ਨੇ ਬੱਸ ਵਿੱਚ ਉਸ ’ਤੇ ਵਿਗ ਸੁੱਟੀ ਅਤੇ ਉਸ ਨੂੰ ਪ੍ਰੇਸ਼ਾਨ ਕਰਨ ਲੱਗੇ। ਗਗਨਦੀਪ ਸਿੰਘ ਵੱਲੋਂ ਪੁਲੀਸ ਨੂੰ ਸੂਚਿਤ ਕਰਨ ਦਾ ਡਰਾਵਾ ਦੇਣ ’ਤੇ ਵੀ ਉਹ ਉਸ ਨੂੰ ਪ੍ਰੇਸ਼ਾਨ ਕਰਦੇ ਰਹੇ। ਇਸ ਮਗਰੋਂ ਗਗਨਦੀਪ ਸਿੰਘ ਬੱਸ ਤੋਂ ਉੱਤਰ ਗਿਆ। ਹਮਲਾਵਰ ਵੀ ਬੱਸ ਤੋਂ ਉੱਤਰ ਗਏ ਅਤੇ ਬੱਸ ਦੇ ਜਾਂਦਿਆਂ ਹੀ ਉਸ ’ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਪੱਗ ਲਾਹ ਦਿੱਤੀ ਅਤੇ ਉਸ ਨੂੰ ਵਾਲਾਂ ਤੋਂ ਧੂਹ ਕੇ ਸੜਕ ਕੰਢੇ ਪਈ ਗੰਦੀ ਬਰਫ਼ ’ਤੇ ਸੁੱਟ ਦਿੱਤਾ। ਹਮਲਾਵਰ ਨੌਜਵਾਨ ਦੀ ਪੱਗ ਆਪਣੇ ਨਾਲ ਲੈ ਗਏ। ਗਗਨਦੀਪ ਨੇ ਹੋਸ਼ ਵਿੱਚ ਆਉਣ ਮਗਰੋਂ ਆਪਣੇ ਇੱਕ ਦੋਸਤ ਨੂੰ ਫੋਨ ਕੀਤਾ।

# ਕੈਨੇਡਾ 'ਚ ਵਿਨੀਪੈਗ ਦੇ ਸਕੂਲ 'ਚ ਜਲਦ ਹੋਵੇਗੀ ਪੰਜਾਬੀ ਭਾਸ਼ਾ ਲਾਗੂ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਵਿਨੀਪੈਗ ਦੇ ਸੈਵਨ ਓਕਸ ਸਕੂਲ ਡਿਵੀਜ਼ਨ ਵਲੋਂ ਮੈਨੀਟੋਬਾ ਸੂਬੇ ਅੰਦਰ ਪਹਿਲਾ ਪੰਜਾਬੀ ਦੋਭਾਸ਼ੀ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ, ਇਹ ਪ੍ਰੋਗਰਾਮ ਹਰ ਉਸ ਸਕੂਲੀ ਵਿਦਿਆਰਥੀ ਲਈ ਹੈ ਜੋ ਨਾ ਸਿਰਫ ਪੰਜਾਬੀ ਬੋਲਣ, ਲਿਖਣੀ ਤੇ ਪੜ੍ਹਨੀ ਵੀ ਚਾਹੁੰਦਾ ਹੈ। ਸੈਵਨ ਓਕਸ ਸਕੂਲ ਡਿਵੀਜ਼ਨ ਵਲੋਂ ਇਹ ਦੋਭਾਸ਼ੀ ਪ੍ਰੋਗਰਾਮ ਸਿਰਫ ਸਮਾਜਿੱਕ ਸਿੱਖਿਆ, ਸਿਹਤ ਅਤੇ ਪੰਜਾਬੀ ਵਿਸ਼ਿਆਂ ਲਈ ਹੀ ਉਪਲਬਧ ਹੋਵੇਗਾ ਜਦਕਿ ਵਿਗਿਆਨ, ਸੰਗੀਤ, ਸਰੀਰਕ ਸਿੱਖਿਆ ਅਤੇ ਗਣਿਤ ਨਾਲ ਸੰਬੰਧਿਤ ਵਿਸ਼ੇ ਅੰਗਰੇਜ਼ੀ ਵਿਚ ਹੀ ਪੜ੍ਹਾਏ ਜਾਣਗੇ।

ਵਿਨੀਪੈਗ ਵਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਵਲੋਂ ਜਿੱਥੇ ਇਸ ਦੋਭਾਸ਼ੀ ਪ੍ਰੋਗਰਾਮ ਦੇ ਸ਼ੁਰੂ ਹੋਣ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਉੱਥੇ ਹੀ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਵੱਡੀ ਗਿਣਤੀ 'ਚ ਮਾਪਿਆਂ ਦਾ ਕਹਿਣਾ ਸੀ ਕਿ ਇਹ ਇਕ ਬਹੁਤ ਲੋੜੀਂਦਾ ਅਤੇ ਬਹੁਤ ਉਡੀਕਿਆ ਜਾਣ ਵਾਲਾ ਪ੍ਰੋਗਰਾਮ ਸੀ ਅਤੇ ਉਹ ਇਸ ਪ੍ਰੋਗਰਾਮ ਨੂੰ ਸਕੂਲਾਂ ਅੰਦਰ ਲਾਗੂ ਕਰਨ ਲਈ ਸੈਵਨ ਓਕਸ ਸਕੂਲ ਡਿਵੀਜ਼ਨ ਦਾ ਧੰਨਵਾਦ ਕਰਦੇ ਹਨ।



ਪੰਜਾਬੀ ਦੋਭਾਸ਼ੀ ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਜਾਰੀ ਕੀਤਾ ਗਿਆ ਪੋਸਟਰ।

# ਐਲ-20 ਸਮਾਗਮ ਦੇ ਆਖਰੀ ਦਿਨ ਮਾਹਿਰਾਂ ਵਲੋਂ ਸਮਾਜਿਕ ਸੁਰੱਖਿਆ ਨੂੰ ਵਿਆਪਕ ਬਣਾਉਣ ਦਾ ਸੱਦਾ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਜੀ-20 ਤਹਿਤ ਕਰਵਾਏ ਦੋ ਰੋਜ਼ਾ ਐੱਲ-20 ਪ੍ਰੋਗਰਾਮ ਦੇ ਆਖ਼ਰੀ ਦਿਨ ਟਰੇਡ ਯੂਨੀਅਨ ਆਗੂਆਂ, ਲੇਬਰ ਸਟੱਡੀਜ਼ ਮਾਹਿਰਾਂ ਅਤੇ 20 ਦੇਸ਼ਾਂ ਦੇ ਡੈਲੀਗੇਟਾਂ ਨੇ ਜਿੱਥੇ ਸਮਾਜਿਕ ਸੁਰੱਖਿਆ ਦੇ ਵਿਸ਼ਵੀਕਰਣ ਬਾਰੇ ਵਿਚਾਰ-ਵਟਾਂਦਰਾ ਕੀਤਾ, ਉੱਥੇ ਹੀ ਸਮਾਜਿਕ ਸੁਰੱਖਿਆ ਨੂੰ ਵਿਆਪਕ ਬਣਾਉਣ ਅਤੇ ਗਲੋਬਲ ਵਰਕ ਫੋਰਸ ਵਿਚ ਲਿੰਗ ਪਾੜੇ ਨੂੰ ਭਰਨ ਦਾ ਸੱਦਾ ਦਿੱਤਾ। ਭਾਰਤੀ ਮਜ਼ਦੂਰ ਸੰਘ ਦੇ ਚੇਅਰਮੈਨ ਹਿਰਣਮਏ ਪਾਂਡਿਆ ਦੀ ਅਗਵਾਈ 'ਚ ਹੋਏ ਪ੍ਰੋਗਰਾਮ 'ਚ ਰੂਸ, ਭਾਰਤ, ਆਸਟ੍ਰੇਲੀਆ, ਨਿਪਾਲ ਅਤੇ ਬੰਗਲਾਦੇਸ਼ ਦੇ ਡੈਲੀਗੇਟਾਂ ਨੇ ਮਜ਼ਦੂਰੀ ਅਤੇ ਇਸ ਦੇ ਵੱਖ-ਵੱਖ ਪਹਿਲੂਆਂ, ਖਾਸ ਤੌਰ 'ਤੇ ਰੋਜ਼ੀ-ਰੋਟੀ 'ਤੇ ਪ੍ਰਭਾਵ ਬਾਰੇ ਆਪਣੇ ਰਾਸ਼ਟਰੀ ਅਨੁਭਵ ਸਾਂਝੇ ਕੀਤੇ।

ਇਸ ਦੌਰਾਨ ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰੀ ਭੂਪੇਂਦਰ ਯਾਦਵ ਨੇ ਵਰਚੁਅਲ ਪਲੇਟਫਾਰਮ ਤੋਂ ਡੈਲੀਗੇਟਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਦੁਨੀਆ ਨੇ ਮਹਾਂਮਾਰੀ ਤੋਂ ਬਾਅਦ ਮਿਲ ਕੇ ਉਭਰਣ ਅਤੇ ਰਿਕਵਰੀ ਨੂੰ ਇਕ ਮਾਨਵ ਕੇਂਦਰਿਤ ਪ੍ਰਕਿਰਿਆ ਬਣਾਉਣ ਦਾ ਸੰਕਲਪ ਲਿਆ ਹੈ, ਜਿਸ ਲਈ ਸਮੂਹਿਕ ਤੌਰ 'ਤੇ ਇਹ ਸੁਨਿਸ਼ਚਿਤ ਕਰਨ ਦੀ ਲੋੜ ਸੀ ਕਿ ਕਰਮਚਾਰੀ ਗਤੀਸ਼ੀਲ ਵਾਤਾਵਰਣ ਵਿਚ ਪ੍ਰਫੁੱਲਿਤ ਹੋਣ ਲਈ ਲੋੜੀਂਦੇ ਹੁਨਰ ਅਤੇ ਗਿਆਨ ਨਾਲ ਲੈਸ ਹੋਣ।

## ਐਲੀਫੈਂਟ ਵਿਸਪਰਰਸ' ਲਈ ਆਸਕਰ ਜਿੱਤਣ ਵਾਲੀ ਗੁਨੀਤਾ ਮੋਂਗਾ ਸ੍ਰੀ ਹਰਿਮੰਦਰ ਸਾਹਿਬ ਹੋਈ ਨਤਮਸਤਕ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਲਘੂ ਦਸਤਾਵੇਜ਼ੀ ਫ਼ਿਲਮ 'ਐਲੀਫੈਂਟ ਵਿਸਪਰਰਸ' ਲਈ ਆਸਕਰ ਐਵਾਰਡ ਜਿੱਤਣ ਵਾਲੀ ਭਾਰਤੀ ਨਿਰਮਾਤਾ ਗੁਨੀਤਾ ਮੋਂਗਾ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਇਸ ਮੌਕੇ ਪ੍ਰਸਿੱਧ ਸ਼ੈੱਫ ਵਿਕਾਸ ਖੰਨਾ ਤੇ ਉਨ੍ਹਾਂ ਦੇ ਹੋਰ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਉਨ੍ਹਾਂ ਨੂੰ ਆਸਕਰ ਜਿੱਤਣ ਲਈ ਵਧਾਈ ਦਿੰਦਿਆਂ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਭੇਟ ਕਰਕੇ ਸਨਮਾਨਿਤ ਕੀਤਾ।

ਆਸਕਰ ਜਿੱਤਣ ਵਾਲੀ ਪਹਿਲੀ ਭਾਰਤੀ ਨਿਰਮਾਤਾ ਹੋਣ ਦਾ ਮਾਣ ਪ੍ਰਾਪਤ ਕਰਨ ਵਾਲੀ ਗੁਨੀਤਾ ਮੋਂਗਾ ਨੇ ਕਿਹਾ ਕਿ ਉਹ ਅੱਜ ਪਰਿਵਾਰ ਅਤੇ ਗੋਲਡ ਦੀ ਆਸਕਰ ਟਰਾਫੀ ਸਮੇਤ ਗੁਰੂ ਘਰ ਸ਼ੁਕਰਾਨਾ ਕਰਨ ਪੁੱਜੇ ਹਨ।

## ਪੰਜਾਬੀ ਨੌਜਵਾਨ ਜਤਿੰਦਰ ਸਿੰਘ ਮੈਰਿਜ ਸੈਲੀਬ੍ਰੇਟ ਬਣੇ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਦੇ ਰਹਿਣ ਵਾਲੇ ਅੰਮ੍ਰਿਤਧਾਰੀ ਨੌਜਵਾਨ ਜਤਿੰਦਰ ਸਿੰਘ ਜੋ ਕਿ ਪਿਛਲੇ ਕਾਫ਼ੀ ਸਮੇਂ ਤੋਂ ਲੋਕ ਭਲਾਈ ਦੇ ਕੰਮ ਕਰਦੇ ਆ ਰਹੇ ਹਨ। ਬੀਤੇ ਦਿਨੀਂ ਸਥਾਨਕ ਸਰਕਾਰ ਦੁਆਰਾ ਉਨ੍ਹਾਂ ਨੂੰ ਮੈਰਿਜ ਸੈਲੀਬ੍ਰੇਟ ਨਿਯੁਕਤ ਕੀਤਾ ਗਿਆ। ਜਤਿੰਦਰ ਸਿੰਘ ਨੇ ਦੱਸਿਆ ਕਿ ਉਹ ਇਸ ਅਹੁਦੇ 'ਤੇ ਰਹਿੰਦੇ ਹੋਏ ਵੀ ਪਹਿਲਾਂ ਵਾਂਗ ਪੰਜਾਬੀ ਭਾਈਚਾਰੇ ਦੀ ਸੇਵਾ ਤਨਦੇਹੀ ਨਾਲ ਕਰਨਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਤਿੰਦਰ ਸਿੰਘ ਨਿਊਜ਼ੀਲੈਂਡ ਵਿਖੇ ਰਹਿੰਦੇ ਸਨ ਅਤੇ ਉਨ੍ਹਾਂ ਦੇ ਨਾਂਅ 'ਤੇ ਉਥੋਂ ਦੀ ਇਕ ਬਿਜਲੀ ਕੰਪਨੀ ਨੇ ਇਕ ਪੁਰਸਕਾਰ ਵੀ ਸ਼ੁਰੂ ਕੀਤਾ ਸੀ।

## ਪੰਜਾਬ ਦੇ ਟਰੈਵਲ ਏਜੰਟ ਵਲੋਂ ਕੈਨੇਡਾ ਭੇਜੇ 700 ਤੋਂ ਵੱਧ ਵਿਦਿਆਰਥੀ ਹੋ ਸਕਦੇ ਹਨ ਡਿਪੋਰਟ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਕੈਨੇਡਾ ਪੜ੍ਹਾਈ ਕਰਨ ਲਈ ਇਕ ਟਰੈਵਲ ਏਜੰਟ ਵਲੋਂ ਭੇਜੇ ਗਏ ਵਿਦਿਆਰਥੀਆਂ 'ਚੋਂ 700 ਤੋਂ ਵੱਧ ਵਿਦਿਆਰਥੀਆਂ 'ਤੇ ਡਿਪੋਰਟ ਹੋਣ ਦੀ ਤਲਵਾਰ ਲਟਕਣ ਲੱਗੀ ਹੈ। ਇਹ ਮਾਮਲੇ ਉਸ ਸਮੇਂ ਸਾਹਮਣੇ ਆਇਆ ਜਦੋਂ ਵਿਦਿਆਰਥੀ ਆਪਣੀ 2 ਸਾਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪੀ.ਆਰ. ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਲੱਗੇ, ਤਾਂ ਕੈਨੇਡੀਅਨ ਬਾਰਡਰ ਸਕਿਓਰਿਟੀ ਏਜੰਸੀ (ਸੀ.ਬੀ.ਐਸ.ਏ.) ਵਲੋਂ ਵਿਦਿਆਰਥੀਆਂ ਨੂੰ ਨੋਟਿਸ ਜਾਰੀ ਕੀਤੇ ਗਏ, ਜਿਨ੍ਹਾਂ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਕਾਲਜਾਂ ਵਲੋਂ ਮਿਲੀ ਦਾਖ਼ਲਾ ਆਫ਼ਰ ਚਿੱਠੀ ਅਤੇ ਹੋਰ ਦਸਤਾਵੇਜ਼ ਸਹੀ ਨਹੀਂ ਸਨ।

ਇਹ ਜਾਣਕਾਰੀ ਵੀ ਮਿਲੀ ਹੈ ਕਿ ਇਸ ਸਮੱਸਿਆ 'ਚ ਘਿਰੇ ਬਹੁਤੇ ਵਿਦਿਆਰਥੀ ਜਲੰਧਰ ਸਥਿਤ ਇਕ ਟਰੈਵਲ ਏਜੰਸੀ ਚਲਾਉਣ ਵਾਲੇ ਬ੍ਰਿਜੇਸ਼ ਮਿਸ਼ਰਾ ਦੇ ਜ਼ਰੀਏ ਕੈਨੇਡਾ ਗਏ ਸਨ। ਜਦੋਂ ਇਸ ਸੰਬੰਧੀ ਜਲੰਧਰ ਪ੍ਰਸ਼ਾਸਨ ਨੂੰ ਪਤਾ ਲੱਗਾ ਤਾਂ ਹਰਕਤ 'ਚ ਆਏ ਪ੍ਰਸ਼ਾਸਨ ਨੇ ਟਰੈਵਲ ਏਜੰਸੀ ਦੇ ਦਫ਼ਤਰ 'ਤੇ ਜਾਂਚ ਕਰਨ ਲਈ ਪੁਲਿਸ ਪਾਰਟੀ ਭੇਜੀ। ਮੌਕੇ 'ਤੇ ਪੁਲਿਸ ਨੂੰ ਪਤਾ ਲੱਗਾ ਕਿ ਟਰੈਵਲ ਏਜੰਟ ਕਰੀਬ 6 ਮਹੀਨੇ ਤੋਂ ਗਾਇਬ ਹੈ, ਜੋ ਦਫ਼ਤਰ ਨੂੰ ਤਾਲੇ ਲਗਾ ਕੇ ਵਿਦੇਸ਼ ਜਾ ਚੁੱਕਾ ਹੈ।

## ਹੋਲੇ ਮਹੱਲੇ ਮੌਕੇ ਪ੍ਰਦੀਪ ਸਿੰਘ ਦੇ ਕਤਲ ਮਾਮਲੇ ਦੀ ਨਵੀਂ ਵੀਡੀਓ ਵਾਇਰਲ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਹੋਲੇ ਮੁਹੱਲੇ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਦੀਪ ਸਿੰਘ ਪ੍ਰਿੰਸ ਦੇ ਕਤਲ ਮਾਮਲੇ ਦੀ ਬੇਸ਼ੱਕ ਪਹਿਲੇ ਦਿਨ ਹੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋ ਗਈ ਸੀ, ਜਿਸ 'ਚ ਗੰਭੀਰ ਰੂਪ 'ਚ ਜ਼ਖ਼ਮੀ ਹੋਣ ਤੋਂ ਬਾਅਦ ਨਿਹੰਗ ਬਾਣੇ 'ਚ ਸਜਿਆ ਪ੍ਰਦੀਪ ਸਿੰਘ ਭਾਰੀ ਭੀੜ ਦੌਰਾਨ ਸੜਕ 'ਤੇ ਡਿੱਗਦਾ ਨਜ਼ਰ ਆਇਆ ਸੀ। ਇਕੱਤਰ ਜਾਣਕਾਰੀ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਤੋਂ ਰੋਪੜ ਮਾਰਗ 'ਤੇ ਬੱਡਲ ਪਿੰਡ ਦੀ ਹਦੂਦ 'ਚ ਸਥਿਤ ਸਵਾਗਤੀ ਗੇਟ ਨੇੜੇ ਮੰਦਭਾਗੀ ਘਟਨਾ 6 ਮਾਰਚ ਦੀ ਰਾਤ 10.30 ਵਜੇ ਵਾਪਰਨ ਦੌਰਾਨ ਪ੍ਰਿੰਸ ਦੀ ਮੌਤ ਹੋ ਗਈ ਸੀ, ਜਦੋਂਕਿ ਪ੍ਰਿੰਸ ਦੇ ਪੀੜਤ ਪਰਿਵਾਰ ਵਲੋਂ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਹਮਲਾਵਰਾਂ ਨੂੰ ਕਾਬੂ ਕਰਨ ਦੀ ਮੰਗ ਕਰਦਿਆਂ ਪ੍ਰਿੰਸ ਦਾ ਅੰਤਿਮ



ਸਸਕਾਰ ਨਾ ਕੀਤੇ ਜਾਣ ਦੀ ਚਿਤਾਵਨੀ 'ਤੇ ਕਰੀਬ 5 ਦਿਨ ਪ੍ਰਿੰਸ ਦਾ ਮ੍ਰਿਤਕ ਸਰੀਰ ਰੋਪੜ ਦੇ ਮੋਰਚਰੀ 'ਚ ਪਿਆ ਰਿਹਾ। ਪੁਲਿਸ ਪ੍ਰਸ਼ਾਸਨ ਵਲੋਂ ਪੀੜਤ ਪਰਿਵਾਰ ਨੂੰ ਇਨਸਾਫ਼ ਦਿੱਤੇ ਜਾਣ ਦਾ ਭਰੋਸਾ ਦੇਣ ਤੋਂ ਬਾਅਦ 11 ਮਾਰਚ ਨੂੰ ਪ੍ਰਿੰਸ ਦਾ ਅੰਤਿਮ ਸੰਸਕਾਰ ਨੇੜਲੇ ਪਿੰਡ ਗਜ਼ੀਕੋਟ ਵਿਖੇ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਬੀਤੇ ਦਿਨ ਤੋਂ ਇਸ ਕਤਲ ਮਾਮਲੇ ਦੀ ਸੋਸ਼ਲ ਮੀਡੀਆ 'ਤੇ ਇਕ ਹੋਰ ਨਵੀਂ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ 'ਚ ਅੱਧੀ ਦਰਜਨ ਦੇ ਕਰੀਬ ਹਮਲਾਵਰ ਘੇਰਾ ਘੱਤ ਕੇ ਪ੍ਰਿੰਸ 'ਤੇ ਰਵਾਇਤੀ ਹਥਿਆਰਾਂ ਨਾਲ ਵਾਰ ਕਰਦੇ ਨਜ਼ਰ ਆ ਰਹੇ ਹਨ।

## ਲਾਰੈਂਸ ਬਿਸ਼ਨੋਈ ਇੰਟਰਵਿਊ' ਮਾਮਲਾ ਗਰਮਾਇਆ ਵਿਵਾਦ ਮਗਰੋਂ ਸਰਕਾਰ ਨੇ ਦਿੱਤੇ ਜਾਂਚ ਦੇ ਹੁਕਮ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇਕ ਨਿੱਜੀ ਚੈਨਲ 'ਤੇ ਚੱਲੀ ਇੰਟਰਵਿਊ ਮਗਰੋਂ ਉੱਠੇ ਵਿਵਾਦ ਦੇ ਬਾਅਦ ਸਰਕਾਰ ਹਰਕਤ 'ਚ ਆਈ ਹੈ। ਜਾਣਕਾਰੀ ਅਨੁਸਾਰ ਰਾਜ ਦੇ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨੇ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੇ ਮਾਮਲੇ ਦੀ ਜਾਂਚ ਦੇ ਹੁਕਮ ਜਾਰੀ ਕੀਤੇ ਹਨ। ਮੁੱਖ ਸਕੱਤਰ ਵਲੋਂ ਡੀ.ਜੀ.ਪੀ. ਨੂੰ ਭੇਜੀਆਂ ਜਾਂਚ ਹਦਾਇਤਾਂ 'ਚ ਇਹ ਪਤਾ ਲਾਉਣ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਬਿਸ਼ਨੋਈ ਦੀ ਉਕਤ ਇੰਟਰਵਿਊ ਕਿੱਥੇ ਤੇ ਕਿਸ ਜੇਲ੍ਹ 'ਚ ਹੋਈ ਹੈ ਤੇ ਜੇਲ੍ਹ 'ਚ ਬੰਦ ਬਿਸ਼ਨੋਈ ਮੀਡੀਆ ਨਾਲ ਕਿਵੇਂ ਸੰਪਰਕ 'ਚ ਆਇਆ।

ਜ਼ਿਕਰਯੋਗ ਹੈ ਕਿ ਇਕ ਨਿੱਜੀ ਟੀ.ਵੀ. ਚੈਨਲ 'ਤੇ ਬਿਸ਼ਨੋਈ ਦੀ ਤਰਫ਼ੋਂ ਇਹ ਦੱਸਦੇ ਹੋਏ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇਕ ਫ਼ੋਨ ਕਾਲ ਆਧਾਰਿਤ ਇੰਟਰਵਿਊ ਪ੍ਰਸਾਰਿਤ ਕੀਤੀ ਗਈ ਸੀ ਕਿ ਲਾਰੈਂਸ ਨੇ ਖ਼ੁਦ ਚੈਨਲ ਨੂੰ ਸੰਪਰਕ ਕਰਕੇ ਇੰਟਰਵਿਊ ਦਿੱਤਾ ਹੈ। ਲਾਰੈਂਸ ਨੂੰ ਪੁੱਛਗਿੱਛ ਲਈ ਕਈ ਏਜੰਸੀਆਂ ਲੈ ਕੇ ਜਾਂਦੀਆਂ ਰਹੀਆਂ ਹਨ, ਇਸ ਲਈ ਇਹ ਵੀਡੀਓ ਕਿੱਥੇ ਦੀ ਹੈ, ਪਤਾ ਨਹੀਂ।

## ਸੁਰਖੀਆਂ...

**ਕੌਮੀ ਇਨਸਾਫ਼ ਮੋਰਚੇ ਵੱਲੋਂ ਭਾਈ ਅੰਮ੍ਰਿਤਪਾਲ ਦੀ ਗ੍ਰਿਫਤਾਰੀ ਦੀ ਖਬਰ ‘ਤੇ ਏਅਰਪੋਰਟ ਰੋਡ ਮੁਹਾਲੀ 'ਚ ਜਾਮ-ਸਥਿਤੀ ਤਣਾਅਪੂਰਨ ਹੋਈ**

**ਗੈਂਗਸਟਰ ਲਾਰੈਂਸ ਦੀ ਦੂਜੀ ਇੰਟਰਵਿਊ-ਸਰਕਾਰ, ਡੀ.ਜੀ.ਪੀ. ਤੇ ਜੇਲ੍ਹ ਵਿਭਾਗ ਨੂੰ ਸਿੱਧੀ ਚੁਣੌਤੀ**

**ਤਰਨ ਤਾਰਨ ਦੇ ਪਿੰਡ ਮੰਨਣ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੜ ਹੋਈ ਬੇਅਦਬੀ**

**ਹਰਿਆਣਾ ਗੁਰਦੁਆਰਾ ਕਮੇਟੀ ਦਾ 106 ਕਰੋੜ 50 ਲੱਖ ਰੁਪਏ ਦਾ ਸਾਲਾਨਾ ਬਜਟ ਪਾਸ**

**ਸੰਯੁਕਤ ਕਿਸਾਨ ਮੋਰਚੇ ਵਲੋਂ ਦਿੱਲੀ ਵਿਖੇ ਹੋ ਰਹੀ ਮਹਾਂ ਪੰਚਾਇਤ ਬਾਰੇ ਇਕੱਤਰਤਾ**

**ਜਲੰਧਰ ਦੀਆਂ ਸਿੰਘ ਸਭਾਵਾਂ ਵਲੋਂ ਖ਼ੂਨ ਦਾ ਵਪਾਰ ਕਰਨ ਵਾਲਿਆਂ 'ਤੇ ਰੋਕ ਲਗਾਉਣ ਦੀ ਅਪੀਲ**

**ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸ਼ੁਰੂ ਹੋਈ ਬੇਗ਼ਮਪੁਰਾ ਭਾਰਤ-ਭਾਈਚਾਰਾ ਯਾਤਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚੀ**

**ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਅਣਗਹਿਲੀ ਲਈ ਜ਼ਿੰਮੇਵਾਰ ਅਧਿਕਾਰੀ ਹੋਣਗੇ ਚਾਰਜਸ਼ੀਟ**

# ਅੰਮ੍ਰਿਤਪਾਲ ਦੀ ਗ੍ਰਿਫਤਾਰੀ ਦੇ ਨਾਮ ‘ਤੇ ਨੌਜਵਾਨਾਂ ਤੇ ਪੰਜਾਬ ਨੂੰ ਬਦਨਾਮ ਕਰਨ ਦੀ ਵੱਡੀ ਸਾਜਸ਼: ਸਮੂਹ ਮਿਸ਼ਨਰੀ ਕਾਲਜ

ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦਾ ਬਹਾਨਾ ਬਣਾ ਕੇ ਵੇਲੇ ਦੀ ਸਰਕਾਰ ਵੱਲੋਂ ਸਮੁੱਚੀ ਸਿੱਖ ਕੌਮ ਤੇ ਪੰਜਾਬੀਅਤ ਨੂੰ ਬਦਨਾਮ ਕਰਨ ਦੀ ਗਹਿਰੀ ਚਾਲ ਚੱਲੀ ਜਾ ਰਹੀ ਹੈ। ਪਿਛਲੇ 3-4 ਦਿਨਾਂ ਤੋਂ ਸਮੁੱਚੇ ਪੰਜਾਬ ਵਿੱਚ ਥਾਂ-ਥਾਂ ਛਾਪੇਮਾਰੀ ਤੇ ਇੰਟਰਨੈਟ ਸੇਵਾਵਾਂ ‘ਤੇ ਪਾਬੰਦੀ ਲਾ ਕੇ ਵੱਡੇ ਪੱਧਰ ‘ਤੇ ਨਿਰਦੋਸ਼ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਹੀ ਨਹੀਂ ਕੀਤੀਆਂ ਜਾ ਰਹੀਆਂ ਸਗੋਂ ਉਨ੍ਹਾਂ ਨੂੰ ਐਨ ਐਸ ਏ ਵਰਗੇ ਕਾਨੂੰਨ ਅਧੀਨ ਦੂਜੇ ਸੂਬਿਆਂ ਦੀਆਂ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ।

ਇਨ੍ਹਾਂ ਵਧੀਕੀਆਂ ਅਤੇ ਸਰਕਾਰੀ ਚਾਲਾਂ ਦੀ ਨਿਖੇਧੀ ਕਰਨ ਲਈ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਤਾ ਕਲਾਂ ਰੋਪੜ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਗੁਰਮਤਿ ਗਿਆਨੀ ਮਿਸ਼ਨਰੀ ਕਾਲਜ ਪੰਜਾਬੀ ਬਾਗ, ਲੁਧਿਆਣਾ ਦੇ ਪ੍ਰਬੰਧਕਾਂ ਨੇ ਸਾਂਝੇ ਤੌਰ ‘ਤੇ ਮੀਟਿੰਗ ਕੀਤੀ। ਮੀਟਿੰਗ ਵਿੱਚ ਗਿਆਨੀ ਜੁਗਿੰਦਰ ਸਿੰਘ, ਚੇਅਰਮੈਨ ਇੰਦਰਜੀਤ ਸਿੰਘ ਰਾਣਾ, ਚੇਅਰਮੈਨ ਹਰਜੀਤ ਸਿੰਘ, ਪ੍ਰਿੰਸੀਪਲ ਗੁਰਬਚਨ ਅਤੇ ਡਾਇਰੈਕਟਰ ਬਲਜੀਤ ਸਿੰਘ ਹਾਜ਼ਰ ਰਹੇ। ਇਸ ਮੌਕੇ ਸਮੂਹ ਕਾਲਜਾਂ ਦੇ ਪ੍ਰਬੰਧਕਾਂ ਨੇ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਸਬੰਧੀ ਸਵਾਲ ਪੁੱਛਦਿਆਂ ਕਿਹਾ ਹੈ ਕਿ, ਕੀ ਅੰਮ੍ਰਿਤਪਾਲ ਸਿੰਘ ਕੋਈ ਭਗੋੜਾ ਅਪਰਾਧੀ ਸੀ? ਉਸ ਨੂੰ ਗ੍ਰਿਫਤਾਰ ਕਰਨ ਲਈ ਸੜਕਾਂ ਉਤੇ ਬੈਰੀਅਰ ਲਾਉਣ ਦੀ ਕੀ ਜ਼ਰੂਰਤ ਸੀ ਅਤੇ ਪੂਰੇ ਸੂਬੇ ਨੂੰ ਪੁਲਿਸ ਛਾਉਣੀ ਕਿਉਂ ਬਣਾਇਆ ਗਿਆ? ਜਦਕਿ ਉਸ ਨੂੰ ਸਹਿਜੇ ਹੀ ਘਰ ਤੋਂ ਗ੍ਰਿਫਤਾਰ ਕੀਤਾ ਜਾ ਸਕਦਾ ਸੀ।

ਇੰਝ ਜਾਪਦਾ ਹੈ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪਿਛਲੇ ਦਿਨੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਤੋਂ ਬਾਅਦ ਪੰਜਾਬ ਵਿੱਚ ਪੈਰਾ ਮਿਲਟਰੀ ਫੋਰਸ ਦੀ ਤੈਨਾਤੀ ਵੀ ਇਸੇ ਕੜ੍ਹੀ ਦਾ ਹੀ ਹਿੱਸਾ ਸੀ।

ਇਸੇ ਤਹਿਤ ਹੀ ਸਰਕਾਰਾਂ ਵੱਲੋਂ ਦਹਿਸ਼ਤ ਦਾ ਮਹੌਲ ਪੈਦਾ ਕਰਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਕਰ ਕੇ ਪੰਜਾਬ ਨੂੰ ਅਸ਼ਾਂਤ ਕਰਨ ਦਾ ਮਨਸੂਬਾ ਬਣਾਇਆ ਗਿਆ ਹੈ। ਇਸ ਲੜੀ ਵਿੱਚ ਨੈਸ਼ਨਲ ਮੀਡੀਏ ਵੱਲੋਂ ਸਮੁੱਚੀ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਸਾਜਸ਼ ਰਚੀ ਜਾ ਰਹੀ ਹੈ।

ਸਮੂਹ ਮਿਸ਼ਨਰੀ ਕਾਲਜਾਂ ਨੇ ਖਦਸ਼ਾ ਜ਼ਾਹਰ ਕੀਤਾ ਕਿ ਕਿਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਜਾਨੀ ਨੁਕਸਾਨ ਨਾ ਹੋ ਜਾਵੇ। ਮਿਸ਼ਨਰੀ ਕਾਲਜਾਂ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਸਰਕਾਰ ਨੂੰ ਸਿੱਖ ਨੌਜਵਾਨਾਂ ਦੀ ਫੜੋ-ਫੜੀ ਫੋਰਨ ਬੰਦ ਕਰ ਕੇ ਸਿੱਖਾਂ ਨਾਲ ਹੋ ਰਿਹਾ ਧੱਕਾ ਬੰਦ ਕਰਨਾ ਚਾਹੀਦਾ ਹੈ ਤਾਂਕਿ ਪੰਜਾਬ ਵਿੱਚ ਸ਼ਾਂਤੀ ਤੇ ਆਪਸੀ ਭਾਈਚਾਰਾ ਕਾਇਮ ਰੱਖਿਆ ਜਾ ਸਕੇ।

# No Reason Given For Challenging Bail In Anti -Sikh Riots Case: Sajjan Kumar To Court

Former Congress leader Sajjan Kumar Tuesday told the Delhi High Court that no reason has been given by the Special Investigation Team (SIT) for seeking to cancel the bail granted to him in a rioting and murder case arising from the 1984 anti-Sikh riots in which the trial is continuing.

Sajjan Kumar is already serving a life term in another murder case related to the riots that took place after the assassination of the then prime minister Indira Gandhi.

Justice Dinesh Kumar Sharma said the interim order of staying the bail order shall continue till the next date of hearing, that is, July 18.

Advocate Anil Sharma, appearing for Kumar, said no reason and ground has been given by the SIT while challenging the trial court's bail order.

He said even in the previous case in which Kumar has been convicted and sentenced, he has remained on bail during the trial."The trial court's bail order does not suffer from any infirmities," the counsel submitted.



The SIT that probed the riot cases, through central government standing counsel Ajay Digpaul, submitted that Kumar was involved in a heinous offence and some important witnesses were yet to be examined and if he is released, it may hamper the evidence. He further submitted that Kumar is already convicted in a similar case and is in custody.

He contended that while granting bail, the trial court overlooked the observations made earlier by the Supreme Court which did not allow the interim bail plea of Kumar even on medical grounds.

**Courtesy: ndtv.com**

# Pakistan govt to market abandoned Sikh, Hindu places of worship



Pakistan has started ‘marketing’ abandoned Sikh and Hindu heritage religious sites by renovating them to attract pilgrims from India and other countries.

Realising that these sites could turn out to be a huge potential money spinner for the fund-starved nation, the Pakistan government's department Evacuee Trust Property Board (ETPB), which is controlled by the ministry for religious affairs and inter-faith harmony, has begun renovation of Prahladpuri Temple in Multan city of Punjab province.

**Courtesy: timesofindia.com**

# Scotland Yard review finds institutional racism as Sikh officer's targeted

The ‘Baroness Casey Review’ into the standards of behaviour and internal culture of the Metropolitan Police Service concludes that the force seems increasingly out of step with Londoners and has lost the public confidence in its abilities. The key findings of the year-long independent investigation by Baroness Louise Casey expose how rape cases were dropped due to evidence being destroyed in a broken freezer, women officers were bullied and Muslim officers were targeted with bacon. “We have found institutional racism, misogyny and homophobia in the Met,” the review said. “There have been a number of incidents where baptised (Sikh) officers are picked on. One officer had his beard cut because an officer thought it was funny. Another officer had his turban put into a shoe box because they thought it was funny. Unless we educate our officers then this will happen,” it said.

The report found that Met Police officers investigating sexual offence cases have to contend with “over-stuffed, dilapidated or broken fridges and freezers containing evidence including the rape kits of victims”.

**Courtesy: hindustantimes.com**

SGPC's
GURU NANAK KHALSA COLLEGE
Matunga, Mumbai
GURU NANAK INSTITUTE OF MANAGEMENT STUDIES
(Approved by AICTE, New Delhi & Affiliated to University of Mumbai)
&
GNIMS BUSINESS SCHOOL
(Approved by AICTE, New Delhi)

SGPC's gnims Business School

ਕਿ ਤੁਸੀਂ ਹੁਣ MBA ਦੀ ਪੜ੍ਹਾਈ ਕਰਨਾ ਚਾਹੁੰਦੇ ਹੋ ?

ਤੁਹਾਡੇ ਕੋਲ ਵਿੱਤੀ ਸਰੋਤ ਨਹੀਂ ਹਨ ਅਤੇ ਫਿਰ ਵੀ ਅੱਗੇ ਪੜਨਾ ਚਾਹੁੰਦੇ ਹੋ ?

ਤੁਸੀ ਇਸ ਲਾਇਕ ਹੋ ਅਤੇ ਨਹੀਂ ਜਾਣਦੇ ਕਿ MBA ਕਿਸ ਤਰਾਂ ਕਰਨਾ ਹੈ ?



- ★ ਕੇਂਦਰ ਵਿੱਚ ਸਥਿੱਤ
- ★ ਇੰਡਸਟਰੀ ਤੋਂ ਉੱਘੇ ਟੀਚਰ
- ★ ਲਗਾਤਾਰ ਉਦਯੋਗ -ਸੰਸਥਾ ਨਾਲ ਆਪਸੀ ਤਾਲਮੇਲ
- ★ ਨਵਾਂ ਬੁਨਿਆਂਦੀ ਢਾਂਚਾ
- ★ ਬੇਧੀਕ ਤੋਰ ਤੇ ਮੰਗ ਮੈਨੇਜਮੈਂਟ ਪ੍ਰੋਗਰਾਮ
- ★ ਹੁਨਰ ਦੇ ਵਿਕਾਸ ਤੇ ਜ਼ੋਰ
- ★ ਪੀ.ਐਚ.ਡੀ. ਕੇਂਦਰ
- ★ ਕੈਪੱਸ ਹੋਸਟਲ
- ★ ਇੰਸਟੀਚਿੱਊਟ ਬਿਲਡਿੰਗ ਸੈਂਟ੍ਰਲ A. C ਹੈ

★ ਮੁਫ਼ਤ CET ਦੀ ਤਿਆਰੀ ਅਤੇ ਫਰੀ ਪਰਸਨਲੈਟੀ ਡਿਵੈਲਮੈਂਟ ★

**GNIMS**
ਅਤੇ
**ਸ਼੍ਰੀ ਗੁਰੂ ਸਿੰਘ ਸਭਾ, ਦਾਦਰ ਦੇ ਸਹਿਯੋਗ ਦੇ ਨਾਲ**
**ਤੁਹਾਡੀਆਂ ਸਭ ਚਿੰਤਾਵਾ ਦਾ ਹੱਲ ਪੇਸ਼ ਕਰਦਾ ਹੈ**
ਪੂਰੇ ਭਾਰਤ ਤੋਂ MBA ਉਮੀਦਵਾਰਾਂ ਦਾ ਸੁਆਗਤ ਹੈ |

*ਪਹਿਲੇ ਸਾਲ ਵਿੱਚ 20% ਭੁਗਤਾਨ ਕਰੋ ਤੇ ਦੂਸਰੇ ਸਾਲ ਵਿੱਚ 20%, ਬਕਾਇਆ 60% ਭੁਗਤਾਨ ਬਾਅਦ ਵਿੱਚ, ਸਿਰਫ਼ ਵਿੱਤੀ ਕਮਜ਼ੋਰ ਵਿਦਿਅਰਥੀਆਂ ਲਈ ਕਿਸ਼ਤਾਂ ਵਿੱਚ ਨੌਕਰੀ ਮਿਲਣ ਤੋਂ ਬਾਅਦ, ਪ੍ਰਬੰਧਨ ਸ਼ਰਤਾਂ ਦੁਆਰਾ ਮੰਨਜੂਰ ਕੀਤੇ ਜਾਣ ਵਾਲ਼ੇ ਦਸਤਾਵੇਜ਼ ਜਮ੍ਹਾਂ ਕਰਵਾਉਣ ਤੇ ਲਾਗੂ ਹੁੰਦੇ ਹਨ|*

ਸਿੱਖ ਭਾਈਚਾਰੇ ਅਤੇ SGPC ਦੇ ਫਲਸਫੇ ਦੇ ਅਨੁਸਾਰ, ਅਸੀਂ ਜਾਤ, ਨਸਲ ਅਤੇ ਧਰਮ, ਦੀ ਪ੍ਰਵਾਹ ਕੀਤੇ ਬਿਨਾਂ ਯੋਗ ਵਿਦਿਆਰਥੀਆਂ ਨੂੰ ਸਕਾਲੱਰਸ਼ਿਪ,ਕਰਜ਼ਾ ਅਤੇ ਫੀਸ ਮੁਆਫੀ ਦੀ ਮੌਕਾ ਪੇਸ਼ ਕਰਦੇ ਹਾਂ | ਸਾਰੇ GNIMS ਕੋਰਸਾਂ ਲਈ ਯੋਜਨਾਂ ਦੀ ਪੇਸ਼ਕਸ਼ ਕਰਦੇ ਹਾਂ (25 ਸੀਟਾਂ ਹਰ ਇਕ ਕੋਰਸ ਦੇ ਲਈ)

**ਘੱਟੋ-ਘੱਟ ਯੋਗਤਾ ਮਾਪਦੰਡ:**
★ ਭਾਰਤ ਵਿੱਚ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗ੍ਰੈਜੂਏਟ ★
★ ਘੱਟੋ-ਘੱਟ 50% ਕੁੱਲ ਅੰਕ (45% ਰਾਖਵੀਂ ਸ਼੍ਰੇਣੀ ਦੇ ਮਾਮਲੇ ਵਿੱਚ ) ★
★ CMAT, MH-CET, CAT, ATMA ਪ੍ਰੀਖਿਆਵਾਂ ਵਿੱਚੋਂ ਕੋਈ ਵੀ ★

**Courses offered**

| MMS NBA Accredited | MCA | PGDM | PGDM BFSI | PGCM (E-MBA) | PGCM (EMBA-FM) |
|---|---|---|---|---|---|
| 2 years full-time MBA Program<br>Specialisations : Marketing \| Finance HR \| Operations \| IT | 2 years full-time Master's Program | 2 years full-time Management Program<br>Specialisations : Marketing \| Finance HR \| Operations \| IT | 2 years full-time Program in Banking, Financial Services and Insurance | 1 years part-time Executive Program<br>Specialisations : Marketing \| Finance HR \| Operations \| IT | 1 years part-time Executive Program in Financial Markets |

**Patron**



S. Gurinder Singh Bawa
*Chairman – Guru Nanak Khalsa College*



Dr. Bhupinder Singh Keer
*Vice Chairman – GNIMS & GNIMS Business School*

**For Admissions and further enquiries**
ਟੋਲ ਫ਼ਰੀ:- 1800 889 1335 ਜਾਂ ਇਸ ਤੇ ਇੱਕ ਮਿਸ ਕਾਲ ਦਿਓ:- 1800 315 7110
ਫੋਨ : 022 2404 3927 / 28 | ਈ - ਮੇਲ: - admission@gnims.com

G.N. Khalsa College Campus, King's Circle, Matunga, Mumbai - 400 019, Website: www.gnims.edu.in

# Sikh Collective, Bihar Gurdwaras, members seek Takht Patna Committee fresh polls

**As the term of the present Takht Sri Harmandir Ji Patna Saheb Management Committee is to terminate on 14 July 2023, the present leadership which has the covert blessings of the Bharatiya Janata Party and the Rashtriya Swayamsewak Sangh prevaricating and making attempts to cling on to the pedestal, Sikh reform and advocacy body The Sikh Collective has written a missive to the District Judge of Patna seeking intervention.**

Will Nitish Kumar government ensure transparency in the conduct of elections to the Takht Patna Saheb Committee? Will he stop the interference of the BJP in Sikhs affairs in Patna and Bihar? Will there be reform in the rules, regulations, and functioning of the Takth Management Committee with a Chief Minister at the helm who has publicly demonstrated his love and affinity for the Sikhs? These and many more such questions will get answers in the coming weeks and months.

As the Bihar State Election Authority has made the preliminary steps setting in motion the process of preparing fresh electoral rolls, addressing a letter to the District and Sessions Judge Shri Rajeev Ranjan Prasad, The Sikh Collective has categorically stated that any delay in the start of the election process would be a violation under the Bylaws of the Committee and would be seen as against Sikh interests.

Jagmohan Singh has unmistakenly stated that "Should the President, Senior Vice President, and General Secretary who are the executive authority to conduct elections and do everything relating thereto, be non-cooperative in this regard, then appropriate steps may be taken as the mandated by law." The letter states that "We are aware that the present incumbents of the Committee -who took charge only a few months back -31 December 2022 have not initiated any steps to refresh electoral rolls and start the election process. It is grossly tragic to note that only 7 of the 15 members of the executive committee were present to elect the President and other office bearers, as one member has passed away, there is a pending court case about the nominee of the Sanatani Sikh Sabha, three nominees of Delhi Sikh Gurdwara Management Committee, Sri Guru Singh Sabha Kolkata respectively are pending approval with your office since long and two members have been declared Tankhaiya by Sri Akal Takht Sahib and as they have not taken any further steps in that direction their status continues to be the same. The representative of the Uttar Pradesh Sikh Pratinidhi Board was absent from the meeting. Clearly, a lame-duck body elected office bearers who are now thwarting the democratic electoral process."

Speaking to The World Sikh News, Charanjit Singh Saluja, a member of the Takht Committee and an authority on Takht Patna Sahib affairs said, "I feel very sad. I see our Takht Committee members doing grave injustice to the Sikh Sangat and to the birthplace of Guru Gobind Singh Ji." He said that he has written a letter to the Secretary of the Bihar State Election Authority urging them to expedite the preparation of the voters' list for the Patna Takht Committee. His letter states that "Article 12 of the Consitution and Bylaws of the Takht states that the Electoral rolls shall be maintained by the Committee and the said rolls shall be kept ready three months prior to the elections."



"The meeting of 22 March should not be in a hurry to address the budgetary needs as the primary concern is to ensure that the Electoral Rolls are prepared at the earliest and steps taken for polling to



take place before the expiry of the term of the committee," he said. "I am clearly dedicated to the functioning of the Takht Committee in a transparent and democratic manner and shall do everything required to ensure this."

Jagmohan Singh's letter to the District Judge says that "it should not take more than 2-3 weeks to prepare electoral rolls as the total number of voters is likely to be less than 5000 in number."

Former President of Delhi Sikh Gurdwara Management Committee Paramjit Singh Sarna, speaking to WSN said, "Elections to the Takht Committee must be freshly ordered and a new committee replacing the present one must be formed sooner than later."

Pulling the rug off the feet of the Takht Committee office bearers, The Sikh Collective letter says, "All office bearers are relevant so long as they enjoy the faith of the Sikh Sangat. Any individual or Committee that overshoots its term loses the trust of the community at large and the Sikh electorate which has elected, nominated, or co-opted them.

They also do grave injustice to the sanctity of the august body whose primary task is to manage Sikh institutions. Any delay would be compromising the constitution of the Takht Committee and the directives of the Sikh community, communicated through the Akal Takht Sahib. It is also cheating of the Sikh Sangat with perhaps some hidden ulterior motives."

Jagmohan Singh in his letter has told the District Judge that "The Sikhs in the Punjab and across the globe are keenly watching the developments at Takht Patna Saheb."

**"Should the President, Senior Vice President, and General Secretary who are the executive authority to conduct elections and do everything relating thereto, be non-cooperative in this regard, then appropriate steps may be taken as the mandated by law."**

# ਪੰਥਕ ਹਲਾਤ 'ਤੇ ਵਿਚਾਰ ਕਰਨ ਲਈ ਜਥੇਦਾਰ ਅਕਾਲ ਤਖਤ ਨੇ ਸੱਦੀ 27 ਮਾਰਚ ਨੂੰ ਅੰਮ੍ਰਿਤਸਰ 'ਚ ਸਾਂਝੀ ਇਕੱਤਰਤਾ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਪੰਜਾਬ ਦੇ ਮੌਜੂਦਾ ਹਾਲਾਤ, ਸਿੱਖਾਂ ਦੇ ਮਨਾਂ ਵਿਚ ਲੰਮੇਂ ਸਮੇਂ ਤੋਂ ਪਸਰੇ ਬੇਚੈਨੀ ਦੇ ਮਾਹੌਲ ਅਤੇ ਸਿੱਖ ਨੌਜਵਾਨਾਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ 'ਤੇ ਵਿਚਾਰ ਉਪਰੰਤ ਭਵਿੱਖ ਦੀ ਵਿਉਂਤਬੰਦੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ 27 ਮਾਰਚ ਨੂੰ ਪੰਜਾਬ ਦੀਆਂ ਸ਼੍ਰੋਮਣੀ ਸਿੱਖ ਸੰਸਥਾਵਾਂ, ਸਿੱਖ ਸੰਪਰਦਾਵਾਂ, ਦਲ ਪੰਥ, ਸਿੱਖ ਜਥੇਬੰਦੀਆਂ,



ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ, ਵਿਦਿਆਰਥੀ ਜਥੇਬੰਦੀਆਂ, ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਧਿਰਾਂ ਦੇ ਚੋਣਵੇਂ ਆਗੂਆਂ ਦੀ ਸਾਂਝੀ ਵਿਸ਼ੇਸ਼ ਇਕੱਤਰਤਾ ਅੰਮ੍ਰਿਤਸਰ ਵਿਖੇ ਸੱਦੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਇਸ ਇਕੱਤਰਤਾ ਸੰਬੰਧੀ ਖੁਲਾਸਾ ਆਪਣੇ ਸੋਸ਼ਲ ਮੀਡੀਆ ਟਵਿੱਟਰ ਅਕਾਊਂਟ 'ਤੇ ਕੀਤਾ ਗਿਆ। ਵੇਰਵਿਆਂ ਅਨੁਸਾਰ 27 ਮਾਰਚ ਨੂੰ ਦੁਪਹਿਰ 12 ਵਜੇ ਹੋਣ ਵਾਲੀ ਇਹ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬੇਸਮੈਂਟ ਹਾਲ ਵਿਖੇ ਹੋਣ ਦੀ ਸੰਭਾਵਨਾ ਹੈ।

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵਿਖੇ ਸੁਨਹਿਰੀ ਮੀਨਾਕਾਰੀ ਦੀ ਸੇਵਾ ਆਰੰਭ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਦੀ ਅੰਦਰਲੀ ਪਰਿਕਰਮਾ ਵਿਚਲੀ ਕਈ ਥਾਈਂ ਖਰਾਬ ਹੋ ਚੁੱਕੀ ਮੀਨਾਕਾਰੀ ਨੂੰ ਦੁਬਾਰਾ ਪੁਰਾਤਨ ਵਿਰਾਸਤੀ ਦਿੱਖ ਦੇਣ ਦਾ ਮਹੱਤਵਪੂਰਨ ਨਿਰਣਾ ਡਾ. ਪਰਵਿੰਦਰ ਸਿੰਘ ਪਸਰੀਚਾ ਪ੍ਰਸ਼ਾਸਕ ਵਲੋਂ ਲਿਆ ਗਿਆ ਹੈ। ਇਸ ਮੀਨਾਕਾਰੀ ਦੀ ਪੁਨਰ ਸੁਰਜੀਤੀ ਦਾ ਮਹੱਤਵਪੂਰਨ ਕਾਰਜ ਭਾਈ ਮਹਿੰਦਰ ਸਿੰਘ ਜੀ ਯੂ. ਕੇ. ਵਾਲਿਆਂ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਸਿੰਘ ਸਾਹਿਬ ਜੱਥੇਦਾਰ ਬਾਬਾ ਕੁਲਵੰਤ ਸਿੰਘ, ਪੰਜ ਪਿਆਰੇ ਸਾਹਿਬਾਨ ਦੀ ਹਾਜ਼ਰੀ ਵਿਚ ਡਾ. ਪਰਵਿੰਦਰ ਸਿੰਘ ਪਸਰੀਚਾ ਪ੍ਰਸ਼ਾਸਕ ਸਾਹਿਬ ਵਲੋਂ ਸੌਂਪਿਆ ਗਿਆ ਹੈ।

## ਭਾਈ ਅੰਮ੍ਰਿਤਪਾਲ ਸਿੰਘ ਦੇ ਗ੍ਰਿਫ਼ਤਾਰ ਸਾਥੀਆਂ ਲਈ ਨਿੱਤਰੇ 'ਪੰਥਕ ਵਕੀਲ'

**ਸਿੰਘ ਸਭਾ ਪੱਤ੍ਰਿਕਾ ਬਿਉਰੋ**

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਗ੍ਰਿਫ਼ਤਾਰ ਕੀਤੇ ਗਏ ਸਾਥੀ ਸਿੱਖ ਨੌਜਵਾਨਾਂ ਦੀ ਕਾਨੂੰਨੀ ਪੈਰਵਾਈ ਕਰਨ ਲਈ ਸੂਬੇ ਦੇ ਪੰਥਕ ਵਕੀਲ ਮੈਦਾਨ 'ਚ ਨਿੱਤਰੇ ਹਨ, ਜਿੰਨ੍ਹਾਂ ਨੇ ਉਨ੍ਹਾਂ ਲਈ ਮੁਫ਼ਤ ਕਾਨੂੰਨੀ ਸੇਵਾਵਾਂ ਦੇਣ ਦਾ ਐਲਾਨ ਕੀਤਾ। ਸਿੱਖ ਨੌਜਵਾਨਾਂ ਦੀ ਗ੍ਰਿਫ਼ਤਾਰੀ ਸੰਬੰਧੀ ਕੋਈ ਵੀ ਜਾਣਕਾਰੀ ਲੈਣ ਜਾਂ ਜਾਣਕਾਰੀ ਦੇਣ ਸੰਬੰਧੀ ਪਰਿਵਾਰਾਂ ਵਲੋਂ ਉਨ੍ਹਾਂ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

## LEGAL NOTICE
## Advocate Pintu R. Chaurasia

ਟੀ. ਪੀ, ਸੰ 4785 ਦਾ 2022 ਬੰਬੇ ਹਾਈ ਕੋਰਟ ਟੈਸਟਾਮੈਂਟਰੀ ਅਤੇ ਇੰਸਟੈਸਟ ਜੁਰੀਸਡੀਕਸ਼ਨ ਪਟੀਸ਼ਨ ਨੰ. 4785 ਦੇ 2022 ਦੇ ਪੱਤਰਾਂ ਲਈ ਪਟੀਸ਼ਨ. ਪ੍ਰਸ਼ਾਨਿਕ ਪੱਤਰ ਅਤੇ ਵਸੀਅਤ।

ਪ੍ਰੀਤਮ ਸਿੰਘ ਭਗਤ ਸਿੰਘ ਕਲਸੀ, ਪ੍ਰੀਤਮ ਸਿੰਘ ਕਲਸੀ ਹਿੰਦੂ, ਮੁੰਬਈ ਦੇ ਵਸਨੀਕ, ਵਿਧੁਰ, ਕਿੱਤੇ, ਕਾਰੋਬਾਰ ਵਜੋ ਉਸ ਸਮੇਂ ਰਹਿ ਰਿਹਾ ਸੀ ਦੀਆਂ ਕੁਝ ਜਾਇਦਾਦਾਂ ਅਤੇ ਕ੍ਰੈਡਿਟਾਂ ਦੇ ਸੰਬੰਧ ਵਿੱਚ ਮਿਤੀ 19 ਜੁਲਾਈ, 1989 ਨੂੰ ਵਸੀਅਤ ਦੇ ਨਾਮ ਪ੍ਰਸ਼ਾਸਨ। ਉਸਦੀ ਮੌਤ 150/12, ਚੌਥੀ ਮੰਜ਼ਿਲ, ਕਲਸੀ ਭਵਨ, ਸੇਂਟ ਪਾਲ ਸਟਰੀਟ, ਨੇੜੇ ਹਿੰਦਮਾਤਾ, ਨਾਇਗਾਂਓ, ਮੁੰਬਈ 400014 ਦੇ ਘਰ ਵਿੱਚ ਹੋਈ।
............ ਮ੍ਰਿਤਕ

1. ਗੁਰਵਿੰਦਰ ਸਿੰਘ ਤਰਲੋਚਨ ਸਿੰਘ ਕਲਸੀ ਉਰਫ ਗੁਰਵਿੰਦਰ ਸਿੰਘ ਤਰਲੋਚਨ ਸਿੰਘ ਕਲਸੀ ਉਮਰ 52 ਸਾਲ। ਹਿੰਦੂ, ਭਾਰਤ ਵਾਸੀ, ਮੁੰਬਈ। ਕਿੱਤਾ ਘਰੇਲੂ, ਰਿਹਾਇਸ਼ 156/12, 4 ਵੀਂ ਮੰਜ਼ਿਲ, ਕਲਸੀ ਭਵਨ ਸੇਂਟ ਪਾਲ ਸਟਰੀਟ, ਨੇੜੇ ਹਿੰਦਮਾਤਾ, ਨਾਇਗਾਂਓ, ਮੁੰਬਈ 400014 ਦੇ ਘਰ ਵਿਖੇ ਰਹਿ ਰਿਹਾ ਹੈ।
ਮੁੰਬਈ....
400014
ਮ੍ਰਿਤਕ ਦੇ ਆਖਰੀ ਟੈਸਟਾਮੈਂਟ ਵਿੱਚ ਨਾਮਿਤ ਉਤੁਪਰੋਕਤ ਪਟੀਸ਼ਨ ਨੰਬਰ 1 ਦੇ ਇੱਕ ਨੁਮਾਇੰਦੇ ਦਾ ਪ੍ਰਤੀਨਿਧ ਹੋਣਾ।

2. ਵਿਜੇਪਾਲ ਰਾਜਵੰਤ ਸਿੰਘ ਕਲਸੀ, ਉਮਰ ਲਗਭਗ 44 ਸਾਲ, ਮੁੰਬਈ ਦਾ ਭਾਰਤੀ ਨਿਵਾਸੀ। ਕਿੱਤਾ ਘਰੇਲੂ, ਰਿਹਾਇਸ਼ 156/12, 4 ਵੀਂ ਮੰਜ਼ਿਲ, ਕਲਸੀ ਭਵਨ ਸੇਂਟ ਪਾਲ ਸਟਰੀਟ, ਨੇੜੇ ਹਿੰਦਮਾਤਾ, ਨਾਇਗਾਂਓ, ਮੁੰਬਈ 400014, ਉਪਰੋਕਤ ਨਾਮਜ਼ਦ ਪਟੀਸ਼ਨ ਕਰਤਾ ਨੰਬਰ 2 ਦੇ ਮ੍ਰਿਤਕ ਦੇ ਅਖਰੀ ਵਿਲ ਅਤੇ ਨੇਮ ਵਿੱਚ ਨਸਾਮਿਤ ਕਾਨੂੰਨੀ ਪ੍ਰਤਿਨਿਧੀ ਵਿੱਚੋਂ ਇੱਕ
ਨੂੰ
ਸਾਰੇ ਸੰਬਧਤ,
ਮ੍ਰਿਤਕ ਪ੍ਰੀਤਮ ਸਿੰਘ ਦੇ ਕਾਨੂੰਨੀ ਵਾਰਸ ਭਗਤ ਸਿੰਘ ਕਲਸੀ, ਅੁਰ5ਫ ਪ੍ਰੀਤਮ ਸਿੰਘ ਕਲਸੀ, ਯਾਨੀ ਜਮੀਲ ਕੌਰ ਢਡਿਆਲਾ, ਸਤਵੰਤ ਕੌਰ ਹੰਸਪਾਲ, ਲਖਵੰਤ ਕੋਰ ਸੌਖੀ, ਜਸਵੰਤ ਕੌਰ ਭਮਰਾ, ਹਰਪਾਲ ਕੌਰ ਗਿੱਲ ਦੇ ਕਾਨੂੰਨੀ ਵਾਰਸ ਮ੍ਰਿਤਕ ਦੀ ਵਿਆਹੀ ਲੜਕੀ (ਜਿੱਥੇ ਪਤਾ ਨਹੀਂ ਹੈ) ਜਾਣਿਆ ਜਾਂਦਾ ਹੈ), ਜੇਕਰ ਤੁਸੀ ਉਪਰੁਕਤ ਨਾਨਿਮ ਮ੍ਰਿਤਕ ਦੀ ਜਾਇਦਾਦ ਵਿੱਚ ਦਿਲਚਸਪੀ ਹੋਣ ਦਾ ਦਾਅਵਾ ਕਰਦੇ ਹੋ ਤਾਂ ਤੁਹਾਨੂੰ ਇੱਥੇ ਆਉਣ ਅਤੇ ਪੈਸ਼ਾਸਨ ਦੇ ਪੱਤਰਾਂ ਦੀ ਗ੍ਰਾਂਟ ਤੋਂ ਪਹਿਲਾਂ ਦੀ ਕਾਰਵਾਈ ਨੂੰ ਵਿਲ ਨਾਲ ਨੱਥੀ ਕਰਨ ਦਾ ਹਵਾਲਾ ਦਿੱਤਾ ਜਾਂਦਾ ਹੈ। ਜੇਕਰ ਤੁਸੀ ਵਸੀਅਤ ਦੇ ਨਾਲ ਗ੍ਰਾਂਟ ਲੈਟਰਸ ਔਫ ਐਡਮਿਨਿਸਟ੍ਰੈਸ਼ਨ ਦਾ ਵਿਰੋਧ ਕਰਨ ਦਾ ਇਰਾਦਾ ਰੱਖਦੇ ਹੋ, ਤਾਂ ਤੁਹਾਨੂੰ ਇਸ ਹਚਾਲੇ ਦੀ ਸੇਵਾ ਤੋਂ ਦਿਨਾਂ ਦੇ ਅੰਦਰ ਪ੍ਰੋਥੋਨੋਟਰੀ ਅਤੇ ਸੀਨੀਅਰ ਮਾਸਟਰ ਦੇ ਦਫਤਰ ਵਿੱਚ ਇਕ ਚੇਤਾਵਲੀ ਦਾਇਰ ਕਰਨੀ ਚਾਹੀਦੀ ਹੈ। "ਤੁਹਾਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਰਾਜ ਕਾਨੂੰਨੀ ਸੇਵਾ ਅਥਾਰਟੀਜ਼, ਹਾਈ ਕੋਰਟ ਕਾਨੂੰਨੀ ਸੇਵਾਵਾਂ ਕਮੇਟੀਆਂ, ਜ਼ਿਲਾ ਸੇਵਾ ਅਥਾਰਟੀਜ਼ ਅਤੇ ਤਾਲੁਕਾ ਕਾਨੂੰਨੀ ਸੇਵਾਵਾਂ ਕਮੇਟੀਆਂ ਦੁਆਂਰਾ ਯੋਗਤਾ ਦੇ ਮਾਪਦੰਡਾਂ ਅਨੁਸਾਰ ਮੁਫਤ ਲੀਗਲ ਸੇਵਾਵਾਂ ਤੁਹਾਡੇ ਲਈ ਉਪਲਬਧ ਹਨ ਓਥੇ ਜੇਕਰ ਉਸੀ ਯੋਗ ਹੋ ਅਤੇ ਮੁਫਤ ਕਾਨੂੰਨੀ ਸੇਚਾ ਪ੍ਰਾਪਤ ਕਰਨਾ ਚਾਹੁੰਦੇ ਹੋ। ਤੁਸੀਂ ਉਪਰੋਕਤ ਕਾਨੂੰਨੀ ਸੇਵਾਵਾਂ ਅਥਾਰਟੀਜ਼/ਕਮੇਟੀਆਂ ਨਾਸਮ ਸੰਪਰਕ ਕਰੋ।
ਗਵਾਹ ਸ਼੍ਰੀ ਸੰਜੇ ਵਿਜੇ ਕੁਮਾਰ ਗੰਗਾਪੁਰਵਾਲਾ, ਬੰਬਈ ਦੇ ਚੀਫ ਕਾਰਜਕਾਰੀ ਜਸਟੀਸ।

ਉਰੋਕਤ 13 ਮਾਰਚ 2023
Sd/-
ਸੀਨੀਅਰ ਮਾਸਟਰ
Sd/-
ਸੀਲਰ
ਇਹ 14 ਮਾਰਚ 2023 ਦਾ ਦਿਨ ਹੈ
ਪਿੰਟੂ ਆਰ. ਚੌਰਸੀਆਂ ਪਰਸ਼ਨਰਾਂ ਲਈ ਐਡਵੋਕੇਟ
ਭੀੜ ਨੰ: 816936001 / 8286130723
ਈਮੇਲ ਆਂਈਡੀ: rahul07ch@gmail.com
ਐਡਵੀ ਕੋਡ 117267 MAH 00092015
O.S ਰਜੀਸਟ੍ਰੇਸ਼ਨ ਨੰਬਰ 15410

P.Chaurasia
Adv. Pinttu R. Chaurasia
Shop No. 9, Om Dutt CHS,
Sion, Dharavi, Mum-17

## News in Brief...

### Low prices pose heavy losses for potato growing in Punjab



The low prices have made it difficult for farmers to cover their input costs, resulting in them storing their produce in cold storage with hopes of prices increasing in the upcoming months.

### Panthic bodies call World Sikh Convention to 'liberate' Akal Takht



Panthic bodies and activists, led by former militant leader and Sikh Students Federation president Daljit Singh Bittu, on Saturday announced to call a World Sikh Convention on June 28, to "liberate" the Akal Takht, the highest Sikh temporal seat, from the influence of electoral bodies and revive old Sikh traditions.

### First budget meeting of Haryana Sikh body to focus on education, administrative reforms

The executive panel of ad-hoc Haryana Sikh Gurdwara Management Committee (HSGMC) has called its first budget meeting after taking over management of historical Gurdwaras in the state, at Gurdwara Patshahi Chhevin in Kurukshetra on Friday.

### HC quashes Punjab, Haryana orders on reclamation of shamlat land in panchayats, urban local bodies

The Punjab and Haryana high court has quashed instructions issued by the governments of Punjab and Haryana on reclaiming of shamlat land in panchayats and areas under urban local bodies.

## ਮਹਾਰਾਜਾ ਰਣਜੀਤ ਸਿੰਘ ਸਮਰ ਪੈਲੇਸ ਦੀਆਂ ਕੰਧਾਂ ਬਿਆਨ ਕਰਨਗੀਆਂ ਸਿੱਖ ਇਤਿਹਾਸ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਕੰਪਨੀ ਬਾਗ਼ ਨਾਂਅ ਨਾਲ ਪ੍ਰਸਿੱਧ ਸਥਾਨਕ ਇਤਿਹਾਸਕ ਰਾਮ ਬਾਗ਼ 'ਚ ਸਿੱਖ ਰਾਜ ਦੀ ਧਰੋਹਰ ਵਜੋਂ ਜਾਣੇ ਜਾਂਦੇ 'ਮਹਾਰਾਜਾ ਰਣਜੀਤ ਸਿੰਘ ਸਮਰ ਪੈਲੇਸ' ਦੀਆਂ ਖ਼ਾਮੋਸ਼ ਕੰਧਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ, ਸਿੱਖ ਇਤਿਹਾਸ, ਪੰਜਾਬੀ ਵਿਰਸਾ, ਇਤਿਹਾਸ ਅਤੇ ਗੁਰੂ ਸਾਹਿਬਾਨ ਬਾਰੇ ਇਤਿਹਾਸ ਪੇਸ਼ ਕਰਨਗੀਆਂ। ਦੱਸਿਆ ਜਾ ਰਿਹਾ ਹੈ ਕਿ ਜੀ-20 ਕਾਨਫ਼ਰੰਸ ਦੇ ਚਲਦਿਆਂ ਉਲੀਕੇ ਗਏ ਪ੍ਰੋਗਰਾਮਾਂ 'ਚ ਰਾਮ ਬਾਗ਼ ਵਿਖੇ ਹਰ ਸ਼ਾਮ 'ਲਾਈਟ ਐਂਡ ਸਾਊਂਡ ਲੇਜ਼ਰ ਸ਼ੋਅ' ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਸੰਬੰਧਿਤ ਵਿਭਾਗ ਦੀ ਮੰਨੀਏ ਤਾਂ ਇਹ ਸ਼ੋਅ ਅਗਾਂਹ ਵੀ ਜਾਰੀ ਰਹੇਗਾ ਤੇ ਪਹਿਲਾ ਸ਼ੋਅ 15 ਮਾਰਚ ਦੀ ਸ਼ਾਮ ਨੂੰ ਹੋਵੇਗਾ। ਖ਼ਾਸ ਗੱਲ ਇਹ ਹੈ ਕਿ ਇਹ ਸ਼ੋਅ ਸੈਲਾਨੀਆਂ ਲਈ ਹੀ ਨਹੀਂ ਸਗੋਂ ਆਮ ਲੋਕਾਂ ਲਈ ਵੀ ਮੁਫ਼ਤ ਹੋਵੇਗਾ। ਇਸ ਦਾ ਪ੍ਰਬੰਧ ਪੰਜਾਬ ਹੈਰੀਟੇਜ ਐਂਡ ਪ੍ਰਮੋਸ਼ਨ ਬੋਰਡ ਵਲੋਂ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਅੰਮ੍ਰਿਤਸਰ ਦੇ ਕਿਲ੍ਹਾ ਗੋਬਿੰਦਗੜ੍ਹ ਅਤੇ ਜਲ੍ਹਿਆਂਵਾਲਾ ਬਾਗ ਵਿਖੇ ਲਾਈਟ ਐਂਡ ਸਾਊਂਡ ਲੇਜ਼ਰ ਸ਼ੋਅ ਵਿਖਾਇਆ ਜਾ ਰਿਹਾ ਹੈ।

## ਸ਼੍ਰੋਮਣੀ ਕਮੇਟੀ ਨੇ ਸਿਕਲੀਗਰ ਸਿੱਖ ਬੱਚਿਆਂ ਦੀਆਂ ਫੀਸਾਂ ਲਈ ਦਿੱਤੀ 17 ਲੱਖ 58 ਹਜ਼ਾਰ ਦੀ ਰਾਸ਼ੀ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸ਼੍ਰੋਮਣੀ ਕਮੇਟੀ ਵਲੋਂ ਸਿਕਲੀਗਰ ਸਿੱਖ ਬੱਚਿਆਂ ਦੀਆਂ ਸਕੂਲ ਫੀਸਾਂ ਲਈ 17 ਲੱਖ 58 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਹ ਸਹਾਇਤਾ ਰਾਸ਼ੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਪੜ੍ਹਦੇ ਸਿਕਲੀਗਰ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿਚ ਸਕੂਲਾਂ ਨੂੰ ਸੌਂਪੀ ਗਈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਸਕੂਲ ਫੀਸਾਂ ਭਰਨ ਦਾ ਫ਼ੈਸਲਾ ਕੀਤਾ ਹੋਇਆ ਹੈ, ਜਿਸ ਤਹਿਤ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਵਿੱਦਿਅਕ ਸਾਲ 2022-23 ਦੀਆਂ ਫੀਸਾਂ ਭੇਜੀਆਂ ਗਈਆਂ ਹਨ।

ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਭੇਜੇ ਵਫ਼ਦ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਪੰਨੂ, ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਸਿੱਖ ਮਿਸ਼ਨ ਰਾਏਪੁਰ ਦੇ ਇੰਚਾਰਜ ਗੁਰਮੀਤ ਸਿੰਘ, ਵਿਸ਼ਾਖਾਪਟਨਮ ਤੋਂ ਦਿਲਸ਼ਾਹ ਸਿੰਘ ਅਨੰਦ ਅਤੇ ਗੁਰਦੁਆਰਾ ਇੰਸਪੈਕਟਰ ਮੋਹਨਦੀਪ ਸਿੰਘ ਸ਼ਾਮਿਲ ਹਨ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਪੰਨੂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਰਾਏਪੁਰ, ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ, ਕਾਕੀਨਾੜਾ ਤੇ ਰਾਜਮੁੰਦਰੀ ਵਿਖੇ ਵੱਖ-ਵੱਖ ਸਕੂਲਾਂ 'ਚ ਜਾ ਕੇ ਸਿੱਧੇ ਤੌਰ 'ਤੇ ਸਕੂਲਾਂ ਨੂੰ ਫੀਸਾਂ ਸੌਂਪੀਆਂ ਗਈਆਂ ਹਨ।

## ਦਲ ਖ਼ਾਲਸਾ ਨੇ 'ਜੀ-20 ਸੰਮੇਲਨ' ਦੇ ਬਰਾਬਰ ਗੁਰੂ ਨਗਰੀ 'ਚ ਕਰਵਾਇਆ 'ਪੀ-20 ਸੰਮੇਲਨ'

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਭਾਰਤ ਸਰਕਾਰ ਦੀ ਪ੍ਰਧਾਨਗੀ ਅਧੀਨ ਇਥੇ ਹੋਏ 'ਜੀ-20 ਸੰਮੇਲਨ' ਦੇ ਬਰਾਬਰ ਸਿੱਖ ਜਥੇਬੰਦੀ ਦਲ ਖ਼ਾਲਸਾ ਵਲੋਂ ਗੁਰੂ ਨਗਰੀ ਵਿਖੇ ਹੀ ਇਕ ਦਿਨਾ ਪੀ-20, ਭਾਵ ਪੰਜਾਬ-20 ਸੰਮੇਲਨ ਕਰਵਾਇਆ ਗਿਆ। ਜੀ-20 ਦੇਸ਼ਾਂ ਅੱਗੇ ਪੰਜਾਬ ਦਾ ਸਮਾਜਿਕ, ਆਰਥਿਕ, ਸਿੱਖਿਆ, ਖੇਤੀਬਾੜੀ, ਸਵੈ-ਸ਼ਾਸਨ, ਮਨੁੱਖੀ ਅਧਿਕਾਰਾਂ ਅਤੇ ਧਾਰਮਿਕ-ਸਿਆਸੀ ਪਹਿਲੂਆਂ ਸੰਬੰਧੀ ਪੱਖ ਅਤੇ ਨਜ਼ਰੀਏ ਨੂੰ ਪੇਸ਼ ਕਰਨ ਹਿਤ ਇਸ ਸੰਮੇਲਨ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਈਮਾਨ ਸਿੰਘ ਮਾਨ, ਗੁਰਦੀਪ ਸਿੰਘ ਬਠਿੰਡਾ, ਐਡਵੋਕੇਟ ਚੀਮਾ, ਭਾਈ ਬਿੱਟੂ ਸਮੇਤ ਹੋਰ 20 ਦੇ ਕਰੀਬ ਧਾਰਮਿਕ, ਕਿਸਾਨ, ਮਜ਼ਦੂਰ ਤੇ ਵਿਦਿਆਰਥੀ ਜਥੇਬੰਦੀਆਂ ਦੇ ਆਗੂਆਂ ਨੇ ਕੀਤੀ ਸ਼ਿਰਕਤ ਕੀਤੀ।

ਸੰਮੇਲਨ ਉਪ੍ਰੰਤ ਦਲ ਖ਼ਾਲਸਾ ਵਲੋਂ ਜਾਰੀ ਵੇਰਵਿਆਂ ਅਨੁਸਾਰ ਬੁਲਾਰਿਆਂ ਨੇ ਪੰਜਾਬ ਅਤੇ ਭਾਰਤ ਵਿਚ ਮਨੁੱਖੀ ਅਧਿਕਾਰਾਂ ਅਤੇ ਨਿਆਂ ਦੀ ਤਰਸਯੋਗ ਅਤੇ ਮੰਦੀ ਸਥਿਤੀ ਦਾ ਹਵਾਲਾ ਦਿੰਦੇ ਹੋਏ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਨਿਆਂ ਤੋਂ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ ਅਤੇ ਸ਼ਾਂਤੀ ਤੋਂ ਬਿਨਾਂ ਕੋਈ ਤਰੱਕੀ ਨਹੀਂ ਹੋ ਸਕਦੀ।

# ਇੱਕ ਝਲਕ: ਕਿਸਾਨ ਤੇ ਟਰੱਕ ਡਰਾਈਵਰ

**ਲਖਵਿੰਦਰ ਸਿੰਘ ਕੋਹਾੜ**

ਜੋ ਮੈਂ ਲੇਖ ਲਿਖ ਰਿਹਾ ਹਾਂ ਸ਼ਾਇਦ ਹੀ ਕਿਸੇ ਨੇ ਇਸ ਬਾਰੇ ਸੋਚਿਆ ਹੋਵੇ, ਇਸ ਬਾਬਤ ਪਹਿਲਾਂ ਵੀ ਕਈ ਲੇਖ ਲਿਖ ਚੁੱਕਾ ਹਾਂ ਤੇ ਅਖਬਾਰਾਂ ਵਿੱਚ ਵੀ ਛੱਪ ਚੁੱਕੇ ਹਨ।

ਇਹੇ ਲੇਖ ਸਿਰਫ ਕਿਸਾਨਾਂ ਤੇ ਟਰੱਕ ਡਰਾਈਵਰਾਂ ਭਰਾਵਾਂ ਲਈ ਹੀ ਹੈ। ਸਭ ਤੋਂ ਪਹਿਲਾਂ ਗੱਲ ਆਪਾ ਸਰਕਾਰੀ ਮੁਲਾਜ਼ਮਾਂ ਤੋ ਕਰਦੇ ਹਾਂ।

ਜਦੋਂ ਕੋਈ ਫੌਜੀ ਵੀਰ ਜੰਗ ਦੇ ਮੈਦਾਨ (ਜਾ ਹੋਰ ਕਿਸੇ ਕਾਰਨ, on duty) ਵਿੱਚ ਮੌਤ ਹੋ ਜਾਦੀ ਹੈ ਤਾ ਉਸ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਂਦਾ ਹੈ, ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲੱਖਾਂ ਰੁਪਏ ਤੇ ਹੋਰ ਬਹੁਤ ਕੁੱਝ ਦਿੱਤਾ ਜਾਂਦਾ ਹੈ। ਚਲੋ ਚੰਗੀ ਗੱਲ ਹੈ ਉਹੋ ਵੀ ਸਾਡੇ ਭਰਾ ਹਨ।

ਬਾਕੀ ਦੇ ਸਰਕਾਰੀ ਅਫਸਰਾਂ ਦਾ ਵੀ ਬਹੁਤ ਮਾਣ ਸਨਮਾਨ ਹੁੰਦਾ ਹੈ। ਪਰ ਕਿਸਾਨ ਭਰਾਵਾਂ ਦਾ ਵੀ ਦੇਸ਼ ਲਈ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਦੀ ਮਿਹਨਤ ਦਾ ਮੁੱਲ ਸਰਕਾਰਾਂ ਬਿਲਕੁਲ ਹੀ ਨਹੀਂ ਪਾਉਦੀਆ। ਆਤਮ ਹੱਤਿਆ ਵੀ ਸਭ ਤੋਂ ਜਿਆਦਾ ਕਿਸਾਨ ਅਤੇ ਮਜ਼ਦੂਰ ਹੀਂ ਕਰਦੇ ਹਨ। ਕਿਸਾਨ ਵੀਰਾਂ ਨੂੰ ਆਮਦਨ ਵੀ ਕੋਈ ਜਿਆਦਾ ਨਹੀਂ ਹੁੰਦੀ ਹੈ। ਉਨ੍ਹਾਂ ਛੇ ਮਹੀਨਿਆਂ ਬਾਅਦ ਪੈਸਾ ਵੇਖਣ ਨੂੰ ਮਿਲਦਾ ਹੈ। ਉਦੇ ਵਿੱਚੋਂ ਵੀ ਜਿਆਦਾ ਕਰਕੇ ਮੰਡੀਆ ਵਿੱਚ ਹੀ ਕੱਟੇ ਜਾਂਦੇ ਹਨ। ਖਾਦਾਂ ਤੇ ਦਵਾਈਆਂ ਦੇ ਜਾ ਹੋਰ ਜਿਹੜੇ ਮੰਡੀ ਤੋ ਲਏ ਹੁੰਦੇ ਹਨ ।

ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਕਿਸਾਨਾਂ ਦੇ ਵੀ ਘਰਾਂ ਵਿੱਚ ਬਹੁਤ ਖਰਚੇ ਹਨ ਜਿਵੇਂ ਕਿ ਦਵਾਈਆਂ ਦੇ, ਪੜ੍ਹਾਈਆ ਦੇ ਅਤੇ ਬੱਚਿਆ ਦੇ ਵਿਆਹਾਂ ਸ਼ਾਦੀਆਂ ਦੇ। ਸਰਕਾਰਾਂ ਜਿਵੇਂ ਅਮੀਰਾਂ ਦੇ ਕਰੋੜਾਂ ਅਰਬਾਂ ਰੁਪਏ ਕਰਜੇ ਮੁਆਫ ਕਰਦੀ ਹੈ ਕਿਸਾਨਾਂ ਦੇ ਕਰਜੇ ਵੀ ਮੁਆਫ ਕਰਨੇ ਚਾਹੀਦੇ ਹਨ।

**ਹੁਣ ਆ ਜਾਉ ਟਰੱਕਾਂ ਵਾਲੀਆਂ ਵੱਲ**

ਸਲਾਮ ਹੈ ਇੰਨਾ ਦੀ ਡਾਢੀ ਮਿਹਨਤ ਨੂੰ , ਜਿਹੜੇ ਦਿਨ ਰਾਤ ਇੱਕ ਕਰਕੇ ਦੇਸ਼ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਪਹੁੰਚਾਉਂਦੇ ਹਨ। ਕਈ ਕਹਿਣਗੇ ਕਿਹੜਾ ਮੁਫਤ ਜਾਦੇ ਹਨ , ਭਾਵੇਂ ਕਿ ਮੁਫਤ ਵਿੱਚ ਨਹੀਂ ਜਾਦੇ, ਪਰ ਉਨ੍ਹਾ ਦੀ ਮਿਹਨਤ ਤੇ ਕਮਾਈ ਦੇਖੋ। ਇੰਨਾ ਦਾ ਕੋਈ Time table ਨਹੀਂ ਹੁੰਦਾ । ਨਾ ਖਾਣ ਦਾ / ਨਾ ਪਾਣ ਦਾ/ ਨਾ ਨਹਾਉਣ ਦਾ ਤੇ ਨਾ ਹੀ ਸੌਣ ਦਾ। ਸਰਕਾਰਾਂ ਨੇ ਵੀ ਇਹਨਾਂ ਦੇ ਅਰਾਮ ਕਰਨ ਲਈ ਕੋਈ ਕਿਤੇ ਵੀ ਕੋਈ ਉਪਰਾਲਾ ਨਹੀਂ ਕੀਤਾ ਹੋਇਆ। ਹੋਟਲਾਂ ਢਾਬਿਆਂ ਤੇ ਰੋਟੀ ਪਾਣੀ ਵੀ ਕੋਈ ਏਨਾ ਵਧੀਆ ਨਹੀਂ ਹੁੰਦਾ।

ਟਰੱਕ ਡਰਾਈਵਰਾਂ ਦੀ ਜਿੰਦਗੀ ਬਹੁਤ ਹੀ ਤਰਸਯੋਗ ਹਾਲਤ ਵਿੱਚ ਗੁਜਰਦੀ ਹੈ। ਜਿੰਮੇਵਾਰੀ ਵੱਡੀ ਹੁੰਦੀ ਹੈ ਅਤੇ ਕਮਾਈ ਤੇ ਇੱਜਤ ਬਹੁਤ ਘੱਟ ਹੁੰਦੀ ਹੈ। ਹਰ ਕੋਈ ਡਰਾਈਵਰ ਨੂੰ ਬਹੁਤ ਹੀ ਘਟੀਆ ਨਜਰਾ ਨਾਲ ਦੇਖਦਾ ਹੈ। ਪੁਲੀਸ ਵਾਲੇ ਵੀ ਬਹੁਤ ਭੈੜਾ ਵਰਤਾਓ ਕਰਦੇ ਹਨ।

ਜਿਆਦਾ ਕਰਕੇ ਟਰੈਫਿਕ ਪੁਲਿਸ ਵਾਲਿਆਂ ਦੀ ਸ਼ਬਦਾਵਲੀ ਬਹੁਤ ਹੀ ਭੈੜੀ ਹੁੰਦੀ ਹੈ। ਟਰੱਕ ਡਰਾਈਵਰ ਤੇ ਕਿਸਾਨ ਹਰ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇੰਨਾ ਨੂੰ ਵੀ ਮਾਨ ਸਨਮਾਨ ਪੂਰਾ ਮਿਲਣਾ ਚਾਹੀਦਾ ਹੈ।





**ਸਾਰੇ ਨਫਰਤ ਹੀਂ ਕਰਦੇ ਹਨ।**

ਚਲੋ ਮੰਨਿਆ ਕਿ ਇਹੇ ਕੋਈ ਥੋੜ੍ਹਾ ਬਹੁਤ ਨਸ਼ਾ ਪਤਾ ਕਰਦੇ ਹੋਣਗੇ ਪਰ ਉਨ੍ਹਾ ਵੀ ਨਹੀਂ ਜਿੰਨਾ ਲੋਕਾਂ ਨੇ ਬਦਨਾਮ ਕੀਤਾ ਹੋਇਆ ਹੈ। ਮੇਰੀ ਆਪਣੀ ਅੱਧੀ ਤੋਂ ਜਿਆਦਾ ਖਾਨਦਾਨੀ ਟਰੱਕ ਮਹਿਕਮੇ ਨਾਲ ਜੁੜੀ ਹੋਈ ਹੈ। ਸਾਰੀ ਉਮਰ ਲੰਗ ਗਈ ਕੋਈ ਨਸ਼ਾ ਨਹੀਂ ਕੀਤਾ। ਨਾ ਹੀ ਕੋਈ ਭੈੜਾ ਐਬ ਲਗਿਆ ਹੈ। ਵਿਦੇਸ਼ਾਂ ਵਿੱਚ (ਜਿਵੇਂ ਕਿ ਅਮਰੀਕਾ ਕਨੇਡਾ) ਕੋਈ ਡਰਾਈਵਰੀ ਕਰਦਾ ਹੋਵੇਗਾ ਤਾ ਉਸ ਨਾਲ ਵਿਆਹ ਕਰਵਾਉਣ ਲਈ ਪੜ੍ਹਿਆ ਲਿਖਿਆ ਕੁੜੀਆਂ ਦੀ ਲਾਈਨ ਲਗ ਜਾਂਦੀ ਹੈ। ਕਿਉਂਕਿ ਬਾਹਰਲੇ ਮੁਲਕਾਂ ਵਿੱਚ ਡਰਾਈਵਰਾਂ ਦੀ ਕਦਰ ਬਹੁਤ ਹੁੰਦੀ ਹੈ ਤੇ ਕਮਾਈ ਵੀ ਚੋਖੀ ਹੋ ਜਾਂਦੀ ਹੈ।

ਮੈ ਤਾਂ ਇਹੇ ਵੀ ਸੁਣਿਆ ਹੈ ਕਿ ਬਾਹਰਲੇ ਮੁਲਕਾਂ ਵਿੱਚ ਡਰਾਈਵਰ ਨੂੰ ਡਾਕਟਰ ਦੇ ਬਰਾਬਰ ਦਾ ਸਮਝਿਆ ਜਾਂਦਾ ਹੈ। ਸਾਡੇ ਭਾਰਤ ਵਿੱਚ ਕੋਈ ਐਕਸੀਡੈਂਟ ਟਰੱਕ ਨਾਲ ਛੋਟੀ ਗੱਡੀ ਵਾਲੇ ਦੀ ਗਲਤੀ ਨਾਲ ਹੀ ਹੋ ਜਾਵੇ ਤਾਂ ਵੀ ਸਾਰਾ ਕਸੂਰ ਟਰੱਕ ਡਰਾਈਵਰ ਦਾ ਹੀ ਮੰਨਿਆ ਜਾਦਾ ਹੈ। ਜਿਹੜੀ ਕੁੱਟਮਾਰ ਕੀਤੀ ਜਾਂਦੀ ਹੈ ਉਹੋ ਵੱਖਰੀ।

ਕਈ ਥਾਵਾਂ ਤੇ ਤਾਂ ਡਰਾਈਵਰ ਦੀ ਗਲਤੀ ਤੋ ਬਿਨਾਂ ਹੀ ਵਿਚਾਰੇ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਜਾਂਦਾ ਹੈ। ਅਣਗਿਣਤ ਹੀ ਟਰੱਕ / ਡਰਾਈਵਰਾਂ ਦੀਆਂ ਯੂਨੀਅਨਾਂ ਬਣਿਆ ਹੋਇਆ ਹਨ, ਪਰ ਅਫਸੋਸ ਕਿਸੇ ਨੇ ਵੀ ਟਰੱਕ ਡਰਾਈਵਰਾਂ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਾਰੀਆਂ ਸਰਕਾਰਾਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ, ਕਿਸਾਨਾਂ ਤੇ ਟਰੱਕ ਡਰਾਈਵਰਾਂ ਵੱਲ ਕੋਈ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਜਿਵੇਂ ਬਾਹਰਲੇ ਮੁਲਕਾਂ ਵਿੱਚ ਦਿੱਤਾ ਜਾਂਦਾ ਹੈ।

ਸਰਕਾਰਾਂ ਨੂੰ ਉਪਰਾਲਾ ਕਰਨਾ ਚਾਹੀਦਾ ਹੈ ਕਿ ਮਾਲ ਗੱਡੀਆਂ ਦਾ ਕੋਟਾ ਘੱਟਾ ਕੇ ਟਰੱਕਾਂ ਨੂੰ ਦਿੱਤਾ ਜਾਵੇ ਤਾਂ ਕਿ ਟਰੱਕਾਂ ਵਾਲੇ ਖੁਸ਼ਹਾਲ ਹੋ ਸੱਕਣ । ਹੋਰ ਵੀ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ। ਮੈਂ ਸਰਕਾਰਾਂ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਕਿਸਾਨਾਂ ਤੇ ਟਰੱਕ ਡਰਾਈਵਰਾਂ ਨੂੰ ਵੱਧ ਤੋਂ ਵੱਧ ਪੈਨਸਿਲਾ ਲਗਾਈਆ ਜਾਣ ਅਤੇ ਜਿਹੜੇ ਸਰਕਾਰੀ ਮੁਲਾਜ਼ਮ ਜਾ ਅਫਸਰ ਭਾਵੇਂ ਮੰਤਰੀ ਹੀ ਹੋਣ ਉਨ੍ਹਾਂ ਦੀਆਂ ਤੁਰੰਤ ਪੈਨਸ਼ਨਾਂ ਬੰਦ ਕੀਤੀਆਂ ਜਾਣ ਕਿਉਂਕਿ ਉਨ੍ਹਾਂ ਨੇ ਨੌਕਰੀਆਂ ਕਰਦਿਆਂ ਨੇ ਬਹੁਤ ਮੋਟੀ ਕਮਾਈ ਕੀਤੀ ਹੁੰਦੀ ਹੈ।

ਜਿਹੜੀਆਂ ਕਿਸਾਨਾਂ ਦੇ ਹੱਕ ਵਿੱਚ ਜਥੇਬੰਦੀਆਂ ਧਰਨੇ ਲਾ ਰਹੀਆਂ ਹਨ। ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦੀਆਂ ਗੱਲਾਂ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਾਉਣੀਆ ਚਾਹੀਦੀਆਂ ਹਨ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਹੋਂਦ ਖਤਰੇ ਵਿੱਚ

## ਵਰਸਿਟੀਆਂ ਨੂੰ ਸਵੈ-ਨਿਰਭਰ ਹੋਣ ਦੇ ਹੁਕਮਾਂ ਨੇ ਅਕਾਦਮਿਕ ਮਾਹੌਲ ਨੂੰ ਢਾਹ ਲਾਈ

ਡਾ. ਪਰਮਵੀਰ ਸਿੰਘ
(ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ)।



ਪਟਿਆਲਾ ਸ਼ਹਿਰ ਪੰਜਾਬ ਵਿਚ ਵਿੱਦਿਆ ਦੀ ਨਗਰੀ ਵਜੋਂ ਆਪਣੀ ਪਛਾਣ ਕਾਇਮ ਕਰ ਚੁੱਕਾ ਹੈ। ਲਗਪਗ ਹਰ ਤਰ੍ਹਾਂ ਦੀ ਦੁਨਿਆਵੀ ਵਿੱਦਿਆ ਦੇ ਕੇਂਦਰ ਇਸ ਨਗਰ ਵਿਖੇ ਮੌਜੂਦ ਹਨ ਜਿਨ੍ਹਾਂ ’ਚੋਂ ਵਿੱਦਿਆ ਪ੍ਰਾਪਤ ਕਰਕੇ ਵਿਦਿਆਰਥੀ ਦੇਸ਼-ਵਿਦੇਸ਼ ਵਿਚ ਆਪਣਾ ਅਤੇ ਇਸ ਨਗਰ ਦਾ ਨਾਂ ਰੌਸ਼ਨ ਕਰ ਰਹੇ ਹਨ। ਪਟਿਆਲਾ ਵਿਖੇ ਬਹੁ-ਪੱਖੀ ਵਿੱਦਿਆ ਦੇ ਵਿਭਿੰਨ ਕੇਂਦਰ ਹੋਣ ਦਾ ਕਾਰਨ ਇੱਥੋਂ ਦੇ ਲੋਕਾਂ ਵਿਚ ਵਿੱਦਿਆ ਪ੍ਰਾਪਤ ਕਰਨ ਦੀ ਰੁਚੀ ਨੂੰ ਮੰਨਿਆ ਜਾ ਸਕਦਾ ਹੈ ਜਿਹੜੀ ਕਿ ਪਟਿਆਲਾ ਦੇ ਹਾਕਮਾਂ ਦੀਆਂ ਸੂਝਵਾਨ ਨੀਤੀਆਂ ਦਾ ਸਿੱਟਾ ਮੰਨੀ ਜਾ ਸਕਦੀ ਹੈ।

ਪਟਿਆਲਾ ਦੇ ਮਹਾਰਾਜਾ ਨਰਿੰਦਰ ਸਿੰਘ ਦੀ ਪਹਿਲ ’ਤੇ 1862 ਵਿਚ ਇਸ ਨਗਰ ਵਿਖੇ ਨਿਰਮਲ ਸੰਪ੍ਰਦਾਇ ਦਾ ਅਖਾੜਾ ‘ਧਰਮਧੁਜਾ ਡੇਰਾ’ ਕਾਇਮ ਹੋਇਆ ਸੀ। ਪੰਜਾਬ ਦੀ ਪਰੰਪਰਾ ਅਤੇ ਅਧਿਐਨ ਨਾਲ ਜੁੜੇ ਹੋਏ ਸਮੂਹ ਖੋਜਾਰਥੀ, ਵਿਦਿਆਰਥੀ ਅਤੇ ਜਗਿਆਸੂ ਇਹ ਜਾਣਦੇ ਹਨ ਕਿ ਨਿਰਮਲ ਸੰਪ੍ਰਦਾਇ ਸਿੱਖਾਂ ਵਿਚ ਵਿੱਦਿਆ ਦੀਆਂ ਵਿਸ਼ੇਸ਼ ਪ੍ਰਾਪਤੀਆਂ ਕਰਕੇ ਜਾਣੀ ਜਾਂਦੀ ਹੈ।

ਇਸ ਅਖਾੜੇ ਨਾਲ ਜੁੜੇ ਹੋਏ ਵਿਦਵਾਨਾਂ ਨੇ ਧਰਮ ਅਧਿਐਨ ਅਤੇ ਸਿੱਖ ਧਰਮ ਅਧਿਐਨ ਦੇ ਅਜਿਹੇ ਟੀਕੇ, ਕੋਸ਼, ਗੁਰ ਤੀਰਥ ਸੰਗ੍ਰਹਿ ਅਤੇ ਵਿਆਖਿਆਵਾਂ ਤਿਆਰ ਕੀਤੀਆਂ ਹਨ ਜਿਨ੍ਹਾਂ ਦੀ ਸਹਾਇਤਾ ਤੋਂ ਬਿਨਾਂ ਪੰਜਾਬ ਦੀ ਧਾਰਮਿਕ ਅਤੇ ਇਤਿਹਾਸਕ ਪਰੰਪਰਾ ਨੂੰ ਸਮਝਣਾ ਔਖਾ ਹੈ।

ਇਸੇ ਅਖਾੜੇ ਨਾਲ ਜੁੜੇ ਰਹੇ ਪ੍ਰਸਿੱਧ ਸਿੱਖ ਵਿਦਵਾਨ ਗਿਆਨੀ ਗਿਆਨ ਸਿੰਘ ਨੇ ‘ਪੰਥ ਪ੍ਰਕਾਸ਼’ ਅਤੇ ‘ਤਵਾਰੀਖ਼ ਗੁਰੂ ਖ਼ਾਲਸਾ’ ਜਿਹੇ ਗ੍ਰੰਥ ਤਿਆਰ ਕੀਤੇ ਹਨ ਜਿਹੜੇ ਕਿ ਸਮੂਹ ਗੁਰੂ ਸਾਹਿਬਾਨ ਦੇ ਪਿਛੋਕੜ ਅਤੇ ਪਰੰਪਰਾ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਪਰ ਮੌਜੂਦਾ ਸਮੇਂ ਇਸ ਡੇਰੇ ਦਾ ਕੇਵਲ ਸਥਾਨ ਹੀ ਬਚਿਆ ਹੈ, ਅਧਿਐਨ ਕਾਰਜ ਪੱਖੋਂ ਇਹ ਸੱਖਣਾ ਹੋ ਚੁੱਕਾ ਹੈ ਜਿਸ ਦੀ ਤੁਲਨਾ ਅੰਬ ਦੇ ਉਸ ਰੁੱਖ ਨਾਲ ਕੀਤੀ ਜਾ ਸਕਦੀ ਹੈ ਜਿਹੜਾ ਅੰਦਰੋਂ ਖੋਖਲਾ ਹੋ ਚੁੱਕਾ ਹੈ। ਪਟਿਆਲੇ ਦਾ ਦੂਜਾ ਵੱਡਾ ਵਿੱਦਿਅਕ ਅਦਾਰਾ ਮਹਾਰਾਜਾ ਮਹਿੰਦਰ ਸਿੰਘ ਦੇ ਯਤਨਾਂ ਸਦਕਾ 1875 ਵਿਚ ‘ਮਹਿੰਦਰਾ ਕਾਲਜ’ ਦੇ ਰੂਪ ਵਿਚ ਸਾਹਮਣੇ ਆਇਆ ਸੀ।

ਸ਼ੁਰੂ ਵਿਚ ਕਲਕੱਤਾ ਯੂਨੀਵਰਸਿਟੀ ਨਾਲ ਸਬੰਧਤ ਇਸ ਕਾਲਜ ਨੇ ਵੀ ਮਾਲਵੇ ਦੇ ਲੋਕਾਂ ਨੂੰ ਵਿੱਦਿਆ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਜਿਹੜੀ ਕਿ ਨਿਰੰਤਰ ਜਾਰੀ ਹੈ।

ਵੱਡੀ ਗਿਣਤੀ ਵਿਚ ਮੌਜੂਦ ਸਕੂਲਾਂ ਅਤੇ ਕਾਲਜਾਂ ਤੋਂ ਇਲਾਵਾ ਇਸ ਨਗਰ ਵਿਖੇ ਸਥਾਪਤ ਪੰਜਾਬੀ ਯੂਨੀਵਰਸਿਟੀ, ਲਾਅ ਯੂਨੀਵਰਸਿਟੀ, ਥਾਪਰ ਯੂਨੀਵਰਸਿਟੀ, ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਆਦਿ ਉੱਚ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਵਿੱਦਿਅਕ ਸੰਸਥਾਵਾਂ ਵਿੱਦਿਆ ਦੇ ਖੇਤਰ ਵਿਚ ਆਪਣਾ ਯੋਗਦਾਨ ਪਾ ਰਹੀਆਂ ਹਨ।

ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਿੱਖ ਅਧਿਐਨ ਦੇ ਖੇਤਰ ਵਿਚ ਮਹੱਤਵਪੂਰਨ ਕਾਰਜ ਕੀਤਾ ਹੈ। ਇਸ ਖੇਤਰ ਨਾਲ ਸਬੰਧਤ ਸਭ ਤੋਂ ਵਧੇਰੇ ਪੁਸਤਕਾਂ ਪੰਜਾਬੀ ਯੂਨੀਵਰਸਿਟੀ ਨੇ ਛਾਪੀਆਂ ਹਨ। ਮੌਜੂਦਾ ਸਮੇਂ ਵੀ ਇਹ ਕਾਰਜ ਚੱਲ ਰਿਹਾ ਹੈ ਪਰ ਇਸ ਦੀ ਗਤੀ ਬਹੁਤ ਸਹਿਜ ਵਾਲੀ ਹੋ ਗਈ ਹੈ।

ਇਸ ਦਾ ਵੱਡਾ ਕਾਰਨ ਯੂਨੀਵਰਸਿਟੀ ਦੇ ਵਿੱਤੀ ਸੰਕਟ ਵਿਚ ਫਸ ਜਾਣ ਨੂੰ ਮੰਨਿਆ ਜਾ ਰਿਹਾ ਹੈ ਜਿਸ ਕਾਰਨ ਨਾ ਤਾਂ ਕੋਈ ਨਵੀਂ ਭਰਤੀ ਹੋ ਰਹੀ ਹੈ ਅਤੇ ਨਾ ਹੀ ਵਿੱਦਿਅਕ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਹੋ ਰਹੇ ਹਨ।

ਕੇਵਲ ਵਿਭਾਗਾਂ ਨੂੰ ਚਲਾਉਣ ਲਈ ਕੁਝ ਕੁ ਅਧਿਆਪਕ ਬਾਕੀ ਰਹਿ ਗਏ ਹਨ। ਕੁਝ ਸਾਲਾਂ ਬਾਅਦ ਜਦੋਂ ਇਹ ਅਧਿਆਪਕ ਵੀ ਸੇਵਾ-ਮੁਕਤ ਹੋ ਗਏ ਤਾਂ ਇਨ੍ਹਾਂ ਵਿਭਾਗਾਂ ਨੂੰ ਜਾਂ ਤਾਂ ਤਾਲੇ ਲੱਗ ਸਕਦੇ ਹਨ ਜਾਂ ਫਿਰ ਇਨ੍ਹਾਂ ਨੂੰ ਦੂਜੇ ਵਿਭਾਗਾਂ ਵਿਚ ਮਿਲਾ ਦਿੱਤਾ ਜਾਵੇਗਾ ਅਤੇ ਜਾਂ ਫਿਰ ਇਕ-ਦੋ ਨਵੇਂ ਅਧਿਆਪਕ ਰੱਖ ਕੇ ਇਨ੍ਹਾਂ ਦੇ ਬੋਰਡ ਕਾਇਮ ਰੱਖੇ ਜਾ ਸਕਦੇ ਹਨ।

**ਯੂਨੀਵਰਸਿਟੀਆਂ ਨੂੰ ਆਤਮ-ਨਿਰਭਰ ਹੋਣ ਦੇ ਆਦੇਸ਼ਾਂ ਨੇ ਇਨ੍ਹਾਂ ਦੇ ਅਕਾਦਮਿਕ ਮਾਹੌਲ ਨੂੰ ਨਿਰੰਤਰ ਨਿਘਾਰ ਦੀ ਦਿਸ਼ਾ ਪ੍ਰਦਾਨ ਕੀਤੀ ਹੈ ਕਿਉਂਕਿ ਯੂਨੀਵਰਸਿਟੀ ਕੋਲ ਕੋਈ ਅਜਿਹੇ ਵਿਸ਼ੇਸ਼ ਸਾਧਨ ਨਹੀਂ ਹੁੰਦੇ ਜਿਨ੍ਹਾਂ ਨਾਲ ਉਹ ਆਪਣੇ ਵਿੱਤੀ ਸਰੋਤਾਂ ਵਿਚ ਵਾਧਾ ਕਰ ਸਕੇ।**

ਭਾਵੇਂ ਵਾਈਸ ਚਾਂਸਲਰ ਦਾ ਇਹ ਖ਼ਦਸ਼ਾ ਕੇਵਲ ਪੰਜਾਬੀ ਯੂਨੀਵਰਸਿਟੀ ਤਕ ਹੀ ਸੀਮਤ ਨਹੀਂ ਸੀ ਪਰ ਫਿਰ ਵੀ ਯੂਨੀਵਰਸਿਟੀ ਨੂੰ ਇਹ ਕਮੀ ਪੂਰੀ ਕਰਨ ਲਈ ਯਤਨ ਕਰਨ ਦੀ ਲੋੜ ਹੈ। ਇਸ ਦਿਸ਼ਾ ਵਿਚ ਹੋਰ ਕਿਹੜੇ ਕਾਰਜ ਕੀਤੇ ਜਾ ਸਕਦੇ ਹਨ ਜਿਨ੍ਹਾਂ ਨਾਲ ਅਕਾਦਮਿਕ ਪੱਧਰ ਨੂੰ ਉੱਚਾ ਚੁੱਕਿਆ ਜਾ ਸਕਦਾ ਹੈ, ਉਨ੍ਹਾਂ ਪ੍ਰਤੀ ਚਿੰਤਾ, ਚਿੰਤਨ ਅਤੇ ਚੇਤਨਾ ਪ੍ਰਗਟ ਕਰਨ ਦੀ ਵਧੇਰੇ ਲੋੜ ਹੈ।

ਸੰਨ 1989 ਵਿਚ ਜਦੋਂ ਯੂਨੀਵਰਸਿਟੀ ਵਿਖੇ ਦਾਖ਼ਲਾ ਲਿਆ ਸੀ ਤਾਂ ਉਸ ਸਮੇਂ ਅਤੇ ਮੌਜੂਦਾ ਸਮੇਂ ਦੇ ਅਕਾਦਮਿਕ ਮਾਹੌਲ ਵਿਚ ਬਹੁਤ ਫ਼ਰਕ ਦੇਖਣ ਨੂੰ ਮਿਲ ਰਿਹਾ ਹੈ। ਯੂਨੀਵਰਸਿਟੀਆਂ ਨੂੰ ਆਤਮ-ਨਿਰਭਰ ਹੋਣ ਦੇ ਆਦੇਸ਼ਾਂ ਨੇ ਇਨ੍ਹਾਂ ਦੇ ਅਕਾਦਮਿਕ ਮਾਹੌਲ ਨੂੰ ਨਿਰੰਤਰ ਨਿਘਾਰ ਦੀ ਦਿਸ਼ਾ ਪ੍ਰਦਾਨ ਕੀਤੀ ਹੈ ਕਿਉਂਕਿ ਯੂਨੀਵਰਸਿਟੀ ਕੋਲ ਕੋਈ ਅਜਿਹੇ ਵਿਸ਼ੇਸ਼ ਸਾਧਨ ਨਹੀਂ ਹੁੰਦੇ ਜਿਨ੍ਹਾਂ ਨਾਲ ਉਹ ਆਪਣੇ ਵਿੱਤੀ ਸਰੋਤਾਂ ਵਿਚ ਵਾਧਾ ਕਰ ਸਕੇ।

ਇਹ ਸਰੋਤ ਯੂਨੀਵਰਸਿਟੀ ਦੀਆਂ ਕੁਝ ਕੁ ਲੋੜਾਂ ਤਾਂ ਪੂਰੀਆਂ ਕਰ ਸਕਦੇ ਹਨ ਪਰ ਇਨ੍ਹਾਂ ਨਾਲ ਅਕਾਦਮਿਕ ਪੱਧਰ ਉੱਚਾ ਨਹੀਂ ਚੁੱਕਿਆ ਜਾ ਸਕਦਾ। ਪੇਂਡੂ ਅਤੇ ਗ਼ਰੀਬ ਵਿਦਿਆਰਥੀਆਂ ਲਈ ਪੰਜਾਬੀ ਯੂਨੀਵਰਸਿਟੀ ਹੀ ਅਜਿਹਾ ਸਹਾਰਾ ਹੈ ਜਿਹੜੀ ਬਹੁਤ ਘੱਟ ਪੈਸੇ ਨਾਲ ਉੱਚ ਵਿੱਦਿਆ ਪ੍ਰਦਾਨ ਕਰਨ ਵਿਚ ਯੋਗਦਾਨ ਪਾ ਰਹੀ ਹੈ।

ਪੰਜਾਬ ਸਰਕਾਰ ਵੱਲੋਂ ਮਿਲਣ ਵਾਲੀ ਵਿੱਤੀ ਸਹਾਇਤਾ ਵਿਚ ਦੇਰੀ ਕਾਰਨ ਅਧਿਆਪਨ ਅਤੇ ਗ਼ੈਰ-ਅਧਿਆਪਨ ਵਿਭਾਗਾਂ ਵਿਖੇ ਕੰਮ ਕਰਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਵਿਚ ਦੇਰੀ ਹੋ ਜਾਂਦੀ ਹੈ ਤਾਂ ਯੂਨੀਵਰਸਿਟੀ ਵਿਖੇ ਹੜਤਾਲਾਂ ਅਤੇ ਮੁਜ਼ਾਹਰਿਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਅਕਾਦਮਿਕਤਾ ਵਾਲੇ ਮਾਹੌਲ ਨੂੰ ਢਾਹ ਲੱਗਦੀ ਹੈ।

ਇਸੇ ਗੱਲ ਨੂੰ ਵਿਸ਼ੇਸ਼ ਰੂਪ ਵਿਚ ਉਭਾਰਿਆ ਜਾਂਦਾ ਹੈ ਕਿ ਯੂਨੀਵਰਸਿਟੀ ਕਰਮਚਾਰੀ ਕੇਵਲ ਤਨਖ਼ਾਹਾਂ ਅਤੇ ਤਰੱਕੀਆਂ ਨੂੰ ਲੈ ਕੇ ਹੀ ਚਿੰਤਤ ਹਨ। ਮਸਲਾ ਤਨਖ਼ਾਹਾਂ ਅਤੇ ਤਰੱਕੀਆਂ ਦਾ ਕਿਸੇ ਹੱਦ ਤਕ ਸਹੀ ਹੋ ਸਕਦਾ ਹੈ ਪਰ ਵੱਡਾ ਮਸਲਾ ਵਿੱਤੀ ਸਥਿਰਤਾ ਹੈ ਜਿਸ ਨੇ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ ਅਤੇ ਪੱਧਰ ਨੂੰ ਉੱਚਾ ਲੈ ਕੇ ਜਾਣਾ ਹੈ। ਉਨ੍ਹਾਂ ਵਿਭਾਗਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੀ ਵਧੇਰੇ ਲੋੜ ਹੈ ਜਿਹੜੇ ਇਸ ਯੂਨੀਵਰਸਿਟੀ ਦੇ ਉਦੇਸ਼ ਨਾਲ ਜੁੜੇ ਹੋਏ ਹਨ।

# ਭਾਰਤ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ





**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਰਾਸ਼ਟਰਪਤੀ ਦਰੋਪਦੀ ਮੁਰਮੂ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਲਈ ਪੁੱਜੇ। ਉਨ੍ਹਾਂ ਸ਼ਰਧਾ ਸਹਿਤ ਇਸ ਪਾਵਨ ਅਸਥਾਨ ਵਿਖੇ ਨਤਮਸਤਕ ਹੋਣ ਮੌਕੇ ਕੜਾਹਿ ਪ੍ਰਸ਼ਾਦਿ ਦੀ ਦੇਗ ਅਤੇ ਰੁਮਾਲਾ ਸਾਹਿਬ ਭੇਟ ਕੀਤੇ ਤੇ ਕੁਝ ਸਮਾਂ ਇਲਾਹੀ ਬਾਣੀ ਦਾ ਕੀਰਤਨ ਵੀ ਸਰਵਣ ਕੀਤਾ। ਦਰਸ਼ਨ ਉਪਰੰਤ ਉਨ੍ਹਾਂ ਕਿਹਾ ਕਿ ਸੁੰਦਰ ਭਵਨ ਉਸਾਰੀ ਕਲਾ ਅਤੇ ਰੂਹਾਨੀ ਸ਼ਾਂਤੀ ਵਾਲਾ ਇਹ ਪਵਿੱਤਰ ਅਸਥਾਨ ਸ਼ਾਂਤੀ ਅਤੇ ਸਦਭਾਵਨਾ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਦਾ ਹੈ।

ਉਪਰੰਤ ਉਹ ਲੰਗਰ ਗੁਰੂ ਰਾਮਦਾਸ ਜੀ ਵਿਖੇ ਵੀ ਗਏ ਤੇ ਪੰਗਤ 'ਚ ਬੈਠ ਕੇ ਗੁਰੂ ਕਾ ਲੰਗਰ ਛਕਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰਾਸ਼ਟਰਪਤੀ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਅਤੇ ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ ਐਕਟ ਰੱਦ ਕਰਨ ਸੰਬੰਧੀ ਦੋ ਮੰਗ ਪੱਤਰ ਵੀ ਸੌਂਪੇ ਗਏ।

ਰਾਸ਼ਟਰਪਤੀ ਕਰੀਬ 2 ਘੰਟੇ 10 ਮਿੰਟ ਦਰਬਾਰ ਸਾਹਿਬ ਰੁਕੇ।

ਰਾਸ਼ਟਰਪਤੀ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਯਾਤਰੂ ਪੁਸਤਕ ਵਿਚ ਲਿਖਿਆ ਕਿ 'ਇਸ ਪਵਿੱਤਰ ਅਸਥਾਨ 'ਤੇ ਆ ਕੇ ਮੈਂ ਬਹੁਤ ਖ਼ੁਸ਼ ਹਾਂ। ਸੁੰਦਰ ਭਵਨ ਉਸਾਰੀ ਕਲਾ ਅਤੇ ਰੂਹਾਨੀ ਸ਼ਾਂਤੀ ਵਾਲਾ ਇਹ ਪਵਿੱਤਰ ਅਸਥਾਨ ਸ਼ਾਂਤੀ ਅਤੇ ਸਦਭਾਵਨਾ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਦਾ ਹੈ। ਮੈਂ ਇੱਥੇ ਆ ਕੇ ਦੇਸ਼ ਵਿਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ।

ਲੰਗਰ ਦੌਰਾਨ ਵਿਸ਼ੇਸ਼ ਤੌਰ 'ਤੇ ਸੇਵਾ ਅਤੇ ਸ਼ਰਧਾ ਦੀ ਭਾਵਨਾ ਨਾਲ ਸੇਵਾ ਕਰਨ ਵਾਲਿਆਂ ਨੂੰ ਅਣਥੱਕ ਕੰਮ ਕਰਦੇ ਦੇਖ ਕੇ ਬਹੁਤ ਖ਼ੁਸ਼ੀ ਹੋਈ। ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਸਾਨੂੰ ਭਾਈਚਾਰੇ ਅਤੇ ਏਕਤਾ ਦਾ ਅਭਿਆਸ ਕਰਨ ਲਈ ਪ੍ਰੇਰਿਤ ਕਰਦੀਆਂ ਰਹਿਣ।

## ਸ਼੍ਰੋਮਣੀ ਕਮੇਟੀ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਨੇ ਕੀਤਾ ਸਨਮਾਨਿਤ

ਪੰਜਾਬ ਸਰਕਾਰ ਵਲੋਂ ਰਾਸ਼ਟਰਪਤੀ ਦਾ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੇ ਹਲਕੇ ਵਿਰੋਧ ਦੇ ਚਲਦਿਆਂ ਸਨਮਾਨਿਤ ਕਰ ਦਿੱਤਾ ਗਿਆ। ਮੁੱਖ ਮੰਤਰੀ ਵਲੋਂ ਪੰਜਾਬ ਸਰਕਾਰ ਤਰਫੋਂ ਆਉਂਦਿਆਂ ਸਾਰ ਹੀ ਰਾਸ਼ਟਰਪਤੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤੇ ਫੁਲਕਾਰੀ ਭੇਟ ਕਰਕੇ ਸਨਮਾਨਿਤ ਕਰ ਦਿੱਤਾ ਗਿਆ, ਸ਼੍ਰੋਮਣੀ ਕਮੇਟੀ ਦੇ ਕੁਝ ਅਧਿਕਾਰੀਆਂ ਨੇ ਇਸ ਸੰਬੰਧੀ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਇਤਰਾਜ਼ ਵੀ ਜਤਾਇਆ ਕਿ ਦਰਸ਼ਨ ਕਰਨ ਆਉਣ ਵਾਲੀ ਕਿਸੇ ਪ੍ਰਮੁੱਖ ਸ਼ਖ਼ਸੀਅਤ ਦਾ ਰਵਾਇਤ ਅਨੁਸਾਰ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਹੀ ਸਨਮਾਨ ਕੀਤਾ ਜਾਂਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ



ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਹੋਰਨਾਂ ਅਹੁਦੇਦਾਰਾਂ, ਮੈਂਬਰਾਂ ਵਲੋਂ ਰਾਸ਼ਟਰਪਤੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸ਼ਾਲ ਤੇ ਸਿੱਖ ਧਰਮ ਨਾਲ ਸੰਬੰਧਿਤ ਧਾਰਮਿਕ ਪੁਸਤਕਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਹੱਥ ਜੋੜ ਕੇ ਪਿਆਰ ਕਬੂਲਿਆ



ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਉਪਰੰਤ ਰਾਸ਼ਟਰਪਤੀ ਨੇ 'ਹਰਿ ਕੀ ਪਉੜੀ' ਵਿਖੇ ਜਲ ਦਾ ਚੂਲਾ ਵੀ ਲਿਆ ਅਤੇ ਪਰਿਕਰਮਾ ਵਿਚੋਂ ਲੰਘਦਿਆਂ ਜਿੱਥੇ ਦਰਸ਼ਨ ਕਰਨ ਆਈ ਸੰਗਤ ਦਾ ਹੱਥ ਜੋੜ ਕੇ ਪਿਆਰ ਕਬੂਲਿਆ, ਉੱਥੇ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਲੱਗੇ ਸੋਨੇ ਅਤੇ ਇੱਥੇ ਰੋਜ਼ ਦਰਸ਼ਨ ਕਰਨ ਆਉਂਦੇ ਸ਼ਰਧਾਲੂਆਂ ਦੀ ਗਿਣਤੀ ਅਤੇ ਲੰਗਰ ਦੀ ਮਰਯਾਦਾ ਸੰਬੰਧੀ ਪ੍ਰਬੰਧਕਾਂ ਤੋਂ ਜਾਣਕਾਰੀ ਲਈ।

## ਜਲ੍ਹਿਆਂਵਾਲਾ ਬਾਗ਼ ਵਿਖੇ ਦਿੱਤੀ ਸ਼ਰਧਾਂਜਲੀ



ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਜਲ੍ਹਿਆਂਵਾਲਾ ਬਾਗ਼ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਲਗਪਗ 15 ਮਿੰਟ ਤਕ ਜਲ੍ਹਿਆਂਵਾਲਾ ਬਾਗ਼ ਵਿਖੇ ਰੁਕਣ ਦੇ ਦੌਰਾਨ ਉਨ੍ਹਾਂ ਸੈਂਟਰਲ ਵਿਸਟਾ (ਸ਼ਹੀਦੀ ਯਾਦਗਾਰ) ਵਿਖੇ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਸ ਉਪਰੰਤ ਉਹ ਸ਼ਹੀਦੀ ਖੂਹ ਅਤੇ ਅਮਰ ਜੋਤਿ ਦੇ ਸਥਾਨ ਵਿਖੇ ਵੀ ਗਏ।

ਸਿੰਘ ਸਭਾ ਮੁੰਬਈ ਵੱਲੋਂ ਜੰਤਰੀ ਨਾਨਕਸ਼ਾਹੀ ੫੫੫ ਪ੍ਰਕਾਸ਼ਤ ਕੀਤੀ ਜਾ ਰਹੀ ਹੈ।
ਪਾਠਕਾ ਨੂੰ ਬੇਨਤੀ ਹੈ ਕਿ ਉਹ ਇਹ ਜੰਤਰੀ ਸਿੰਘ ਸਭਾ ਦਾਦਰ ਦੇ ਦਫਤਰ ਤੋਂ ਲੈ ਸਕਦੇ ਹਨ
ਜਾਂ 98214 75575 ਨੰਬਰ ‘ਤੇ ਆਪਣਾ ਪਤਾ ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹਨ।

